ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਸ਼ਨੀਵਾਰ, 14 ਨਵੰਬਰ / 2026 / ਅੰਕ 294 / ਪੰਨੇ 08 / ਮੁੱਲ 7 ਰੁ:

www.sanjhikhabar.com | E-mail : khabarsanjhi@gmail.com | sanjhikhabar | sanjhikahbar



ਸਰਕਾਰ ਵੱਲੋਂ 24 ਲੱਖ ਡਿਫਾਲਟਰ ਬਿਜਲੀ ਖਪਤਕਾਰਾਂ ਨੂੰ ਵੱਡੀ ਰਾਹਤ; ਯਕਮੁਸ਼ਤ ਨਿਪਟਾਰਾ ਸਕੀਮ ਦਾ ਐਲਾਨ

ਸਾਂਝੀ ਖ਼ਬਰ



(ਸੰਦੀਪ ਸਿੰਘ)
ਚੰਡੀਗੜ੍ਹ, 13 ਨਵੰਬਰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਵੱਡੀ ਵਿੱਤੀ ਰਾਹਤ ਦਿੰਦਿਆਂ ਬਕਾਇਆ ਬਿਜਲੀ ਬਿੱਲਾਂ ਦੇ ਨਿਬੇੜੇ ਲਈ 'ਯਕਮੁਸ਼ਤ ਨਿਪਟਾਰਾ ਸਕੀਮ' (OTS) ਦਾ ਐਲਾਨ ਕੀਤਾ ਹੈ। ਸ਼ੁੱਕਰਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਡਿਫਾਲਟਰ ਘਰੇਲੂ ਖਪਤਕਾਰਾਂ ਨੂੰ ਉਨ੍ਹਾਂ ਦੇ ਬਕਾਇਆ ਬਿੱਲਾਂ 'ਤੇ ਲੱਗੇ ਜੁਰਮਾਨੇ ਅਤੇ ਵਿਆਜ ਤੋਂ ਪੂਰੀ ਤਰ੍ਹਾਂ ਛੋਟ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਸਕੀਮ ਦਾ ਲਾਭ ਲੈਣ ਲਈ ਖਪਤਕਾਰਾਂ ਨੂੰ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ 45 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ। ਯੋਜਨਾ ਦੀਆਂ ਸ਼ਰਤਾਂ ਅਨੁਸਾਰ, ਖਪਤਕਾਰਾਂ ਨੂੰ ਆਪਣੇ ਬਕਾਇਆ ਬਿੱਲਾਂ ਦੀ ਸਿਰਫ਼ ਮੂਲ ਰਕਮ ਹੀ ਜਮ੍ਹਾਂ ਕਰਵਾਉਣੀ ਪਵੇਗੀ, ਜਦੋਂਕਿ ਬਾਕੀ ਸਾਰਾ ਜੁਰਮਾਨਾ ਤੇ ਵਿਆਜ ਮੁਆਫ਼ ਕਰ ਦਿੱਤਾ ਜਾਵੇਗਾ।

ਭਗਵੰਤ ਮਾਨ ਨੇ ਜਾਣਕਾਰੀ ਦਿੱਤੀ ਕਿ ਸੂਬੇ ਦੇ 24 ਲੱਖ ਤੋਂ ਵੱਧ ਘਰੇਲੂ ਖਪਤਕਾਰਾਂ ਵੱਲ ਬਿਜਲੀ ਬਿੱਲਾਂ ਦੀ ਕੁੱਲ 2,516 ਕਰੋੜ ਰੁਪਏ ਦੀ ਰਕਮ ਬਕਾਇਆ ਖੜ੍ਹੀ ਹੈ। ਇਸ ਸਕੀਮ ਤਹਿਤ ਰਾਹਤ ਹਾਸਲ ਕਰਨ ਵਾਲੇ ਲਾਭਪਾਤਰੀਆਂ ਨੂੰ ਪਹਿਲਾਂ ਬਕਾਇਆ ਮੂਲ ਰਕਮ ਦਾ 25 ਫ਼ੀਸਦੀ ਹਿੱਸਾ ਤੁਰੰਤ ਜਮ੍ਹਾਂ ਕਰਵਾਉਣਾ ਹੋਵੇਗਾ, ਜਦਕਿ ਬਾਕੀ ਰਹਿੰਦੀ 75 ਫ਼ੀਸਦੀ ਰਕਮ ਛੇ-ਛੇ ਮਹੀਨਿਆਂ ਦੀਆਂ ਦੋ ਆਸਾਨ ਕਿਸ਼ਤਾਂ ਵਿੱਚ ਅਦਾ ਕਰਨ ਦੀ ਸਹੂਲਤ ਦਿੱਤੀ ਜਾਵੇਗੀ।

ਜੇਲ੍ਹ ''ਚੋਂ ਬਾਹਰ ਆਉਣਗੇ ਅੰਮ੍ਰਿਤਪਾਲ ਸਿੰਘ, ਸਖ਼ਤ ਸ਼ਰਤਾਂ ''ਤੇ ਮਿਲੀ ਪੈਰੋਲ

ਸਾਂਝੀ ਖ਼ਬਰ

(ਸੁਖਜੀਤ ਕੌਰ)
ਚੰਡੀਗੜ੍ਹ/ਬਰਨਾਲਾ,
13 ਨਵੰਬਰ

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਦਾਦੀ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਅਦਾਲਤ ਵੱਲੋਂ 1 ਦਿਨ ਦੀ ਅੰਤਰਿਮ ਜ਼ਮਾਨਤ ਦਿੱਤੀ ਗਈ ਹੈ। ਇਸ ਮਗਰੋਂ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ 'ਵਾਰਿਸ ਪੰਜਾਬ ਦੇ' ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਘੱਟੋ-ਘੱਟ 4 ਦਿਨ ਦੀ ਪੈਰੋਲ ਦੀ ਮੰਗ ਕੀਤੀ ਗਈ ਸੀ, ਪਰ ਮਹਿਜ਼ 1 ਦਿਨ ਦੀ ਪੈਰੋਲ ਦਿੱਤੀ ਗਈ ਹੈ। ਇਸ ਮਾਮਲੇ ਵਿਚ ਇਕ ਰਿਵਿਊ ਪਟਿਸ਼ਨ ਦਾਖ਼ਲ ਕੀਤੀ ਗਈ ਹੈ।

ਮਨਪ੍ਰੀਤ ਇਆਲੀ ਨੇ ਦੱਸਿਆ ਕਿ ਪਰਿਵਾਰ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਦਾਦੀ ਦਾ ਸਸਕਾਰ 17 ਨਵੰਬਰ ਤੋਂ ਪਹਿਲਾਂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਤੋਂ ਆਉਣ-ਜਾਣ ਲਈ ਵੀ ਸਮਾਂ ਲੱਗੇਗਾ। ਇਸ ਤੋਂ ਇਲਾਵਾ 15 ਨਵੰਬਰ ਨੂੰ ਪਰਵਿੰਦਰ ਸਿੰਘ ਝੋਟਾ ਦੀ ਅੰਤਿਮ ਅਰਦਾਸ ਵੀ ਹੋਣੀ ਹੈ। ਇਸ ਲਈ ਰਿਵਿਊ ਪਟਿਸ਼ਨ 'ਤੇ ਸੁਣਵਾਈ ਮਗਰੋਂ ਹੀ ਅੰਮ੍ਰਿਤਪਾਲ ਸਿੰਘ ਦੇ ਬਾਹਰ ਆਉਣ ਅਤੇ ਸਸਕਾਰ ਬਾਰੇ ਅੱਗੇ ਦਾ ਫ਼ੈਸਲਾ ਲਿਆ ਜਾਵੇਗਾ।



ਮਨਪ੍ਰੀਤ ਇਆਲੀ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਪਿਛਲੇ ਸਾਢੇ 3 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਪਹਿਲਾਂ ਉਨ੍ਹਾਂ ਦੇ ਦਾਦੀ ਦੀ ਤਬੀਅਤ ਖ਼ਰਾਬ ਹੋਣ 'ਤੇ ਵੀ ਉਨ੍ਹਾਂ ਲਈ ਪੈਰੋਲ ਦੀ ਮੰਗ ਕੀਤੀ ਗਈ ਸੀ, ਪਰ ਉਹ ਨਹੀਂ ਮੰਨੀ ਗਈ ਤੇ ਹੁਣ ਉਨ੍ਹਾਂ ਦੇ ਦੇਹਾਂਤ ਮਗਰੋਂ ਵੀ ਪੈਰੋਲ ਲਈ ਸਖ਼ਤ ਸ਼ਰਤਾਂ ਰੱਖੀਆਂ ਗਈਆਂ। ਮਨਪ੍ਰੀਤ ਇਆਲੀ ਮੁਤਾਬਕ, ਅਦਾਲਤ ਵਿਚ ਇਹ ਸ਼ਰਤ ਰੱਖੀ ਗਈ ਸੀ ਕਿ ਅੰਮ੍ਰਿਤਪਾਲ ਸਿੰਘ ਦੇ ਡਿਬਰੂਗੜ੍ਹ ਤੋਂ ਆਉਣ-ਜਾਣ ਦਾ ਖਰਚਾ ਪਰਿਵਾਰ ਵੱਲੋਂ ਕੀਤਾ ਜਾਵੇ, ਜੇ ਜ਼ਿਆਦਾ ਇਕੱਠ ਹੋ ਗਿਆ ਤਾਂ ਪੈਰੋਲ ਕੈਂਸਲ ਕੀਤੀ ਜਾ ਸਕਦੀ ਹੈ, ਪਰਿਵਾਰ ਤੋਂ ਇਲਾਵਾ ਕਿਸੇ ਨੂੰ ਵੀ ਅੰਮ੍ਰਿਤਪਾਲ ਸਿੰਘ ਨਾਲ ਮਿਲਣ ਨਾ ਦਿੱਤਾ ਜਾਵੇ, ਮੀਡੀਆ ਉਨ੍ਹਾਂ ਦੀ ਫੋਟੋ ਨਾ ਛਾਪ ਸਕੇ ਅਤੇ ਸੋਸ਼ਲ ਮੀਡੀਆ 'ਤੇ ਵੀ ਉਨ੍ਹਾਂ ਦੀ ਫੋਟੋ ਨਾ ਪਾਈ ਜਾਵੇ। ਉਨ੍ਹਾਂ ਪੁੱਛਿਆ ਕਿ ਇਕ ਚੁਣੇ ਹੋਏ ਨੁਮਾਇੰਦੇ 'ਤੇ ਅਜਿਹੀਆਂ ਸ਼ਰਤਾਂ ਲਗਾਉਣਾ ਕਿੱਥੋਂ ਤਕ ਵਾਜਬ ਹੈ?

ਪਟਿਆਲਾ ਜੇਲ੍ਹ ਦੀ ਬੱਤੀ ਗੁੱਲ ਹੋਣ ਕਾਰਨ ਚਿੰਨੀ ਕਤਲਕਾਂਡ ਦੇ ਮੁੱਖ ਸ਼ੂਟਰ ਦੀ ਪੇਸ਼ੀ ਟਲੀ

ਸਾਂਝੀ ਖ਼ਬਰ



(ਗੁਰਜੀਤ ਕੌਰ)
ਚੰਡੀਗੜ੍ਹ/ਪਟਿਆਲਾ,
13 ਨਵੰਬਰ

ਸ਼ਹਿਰ ਦੇ ਚਰਚਿਤ ਚਿੰਨੀ ਕੁਬਾਹੇੜੀ ਕਤਲਕਾਂਡ 'ਚ ਬੁੱਧਵਾਰ ਨੂੰ ਮੁੱਖ ਸ਼ੂਟਰ ਰਾਜਨ ਉਰਫ਼ ਪਿਊਸ਼ ਪਹਿਲਵਾਨ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ 'ਚ ਪੇਸ਼ ਕੀਤਾ ਜਾਣਾ ਸੀ। ਉਹ ਇਸ ਸਮੇਂ ਪਟਿਆਲਾ ਜੇਲ੍ਹ 'ਚ ਬੰਦ ਹੈ ਅਤੇ ਉਸ ਦੀ ਪੇਸ਼ੀ ਵੀਡੀਓ ਕਾਨਫਰੰਸਿੰਗ ਰਾਹੀਂ ਹੋਣੀ ਸੀ, ਪਰ ਇਸ ਤੋਂ ਪਹਿਲਾਂ ਹੀ ਜੇਲ੍ਹ 'ਚ ਬਿਜਲੀ ਸਪਲਾਈ ਠੱਪ ਹੋ ਗਈ।

ਪਟਿਆਲਾ ਜੇਲ੍ਹ ਦੀ ਬਿਜਲੀ ਗੁੱਲ ਹੋਣ ਕਾਰਨ ਰਾਜਨ ਨੂੰ ਚੰਡੀਗੜ੍ਹ ਅਦਾਲਤ 'ਚ ਪੇਸ਼ ਨਹੀਂ ਕੀਤਾ ਜਾ ਸਕਿਆ। ਹਾਲਾਂਕਿ, ਬੁੜੈਲ ਜੇਲ੍ਹ ਅਤੇ ਕਰਨਾਲ ਜੇਲ੍ਹ 'ਚ ਬੰਦ ਹੋਰ ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਜੱਜ ਨੇ ਅਗਲੀ ਤਰੀਕ 'ਤੇ ਰਾਜਨ ਨੂੰ ਮੁੜ ਪੇਸ਼ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਮਾਮਲੇ ਦੀ ਅਗਲੀ ਸੁਣਵਾਈ 16 ਨਵੰਬਰ ਨੂੰ ਹੋਵੇਗੀ। ਇਸ ਮਾਮਲੇ 'ਚ ਰਾਜਨ ਸਮੇਤ ਕੁੱਲ ਅੱਠ ਮੁਲਜ਼ਮ ਹਨ। 18 ਮਾਰਚ ਨੂੰ ਸੈਕਟਰ-9 'ਚ ਪ੍ਰਾਪਰਟੀ ਡੀਲਰ ਚਮਨਪ੍ਰੀਤ ਸਿੰਘ ਉਰਫ਼ ਨਾਗਰਾ ਉਰਫ਼ ਚਿੰਨੀ ਕੁਬਾਹੇੜੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਚਿੰਨੀ ਦੀ ਹੱਤਿਆ ਦੀ ਸਾਜ਼ਿਸ਼ ਸੈਕਟਰ-35 ਦੀ ਰਹਿਣ ਵਾਲੀ ਅਮਰੀਨ ਕੌਰ ਨੇ ਰਚੀ ਸੀ ਅਤੇ ਮੋਹਾਲੀ ਦੇ ਰਹਿਣ ਵਾਲੇ ਹਰਸ਼ ਸੋਹਾਣਾ ਨੇ ਉਸ ਦਾ ਸਾਥ ਦਿੱਤਾ ਸੀ। ਉਨ੍ਹਾਂ ਨੇ ਵਿਦੇਸ਼ 'ਚ ਬੈਠੇ ਗੈਂਗਸਟਰ ਲੱਕੀ ਪਟਿਆਲ ਰਾਹੀਂ ਚਿੰਨੀ ਦਾ ਕਤਲ ਕਰਵਾਇਆ ਸੀ।

ਕੇਸ ਮੁਤਾਬਕ, ਅਮਰੀਨ ਨੇ ਕੁਝ ਸਮਾਂ ਪਹਿਲਾਂ ਚਿੰਨੀ ਤੋਂ ਨਿਊ ਚੰਡੀਗੜ੍ਹ 'ਚ ਇਕ ਪ੍ਰਾਪਰਟੀ ਖ਼ਰੀਦੀ ਸੀ। ਅਮਰੀਨ ਨੂੰ ਲੱਗਦਾ ਸੀ ਕਿ ਚਿੰਨੀ ਨੇ ਉਸ ਨਾਲ ਧੋਖਾ ਕੀਤਾ ਹੈ ਅਤੇ ਮੌਜੂਦਾ ਕੀਮਤ ਨਾਲੋਂ ਕਿਤੇ ਮਹਿੰਗੀ ਪ੍ਰਾਪਰਟੀ ਉਸ ਨੂੰ ਵੇਚ ਦਿੱਤੀ। ਇਸ ਤੋਂ ਇਲਾਵਾ ਚਿੰਨੀ ਨੇ ਉਸ ਨੂੰ ਪ੍ਰਾਪਰਟੀ ਦਾ ਕਬਜ਼ਾ ਵੀ ਨਹੀਂ ਦਿੱਤਾ ਸੀ, ਜਿਸ ਕਾਰਨ ਉਸ ਨੂੰ ਕਾਫ਼ੀ ਨੁਕਸਾਨ ਹੋਇਆ ਸੀ।

ਇਸ ਕਾਰਨ ਦੋਵਾਂ ਵਿਚਾਲੇ ਵਿਵਾਦ ਹੋ ਗਿਆ। ਇਸੇ ਦੌਰਾਨ ਅਮਰੀਨ ਦੀ ਮੁਲਾਕਾਤ ਹਰਸ਼ ਨਾਲ ਹੋਈ। ਹਰਸ਼ ਨੇ ਅਮਰੀਨ ਦੀ ਗੱਲ ਲੱਕੀ ਪਟਿਆਲ ਨਾਲ ਕਰਵਾਈ। ਉਨ੍ਹਾਂ ਵਿਚਾਲੇ ਸੋਸ਼ਲ ਮੀਡੀਆ ਅਤੇ ਕੁਝ ਐਨਕ੍ਰਿਪਟਡ ਮੋਬਾਈਲ ਐਪਸ ਰਾਹੀਂ ਗੱਲਬਾਤ ਹੁੰਦੀ ਸੀ। ਅਮਰੀਨ ਨੇ ਚਿੰਨੀ ਦੀ ਹੱਤਿਆ ਦੇ ਬਦਲੇ ਲੱਕੀ ਪਟਿਆਲ ਨੂੰ ਮੋਟੀ ਰਕਮ ਦੇਣ ਦਾ ਵਾਅਦਾ ਕੀਤਾ ਸੀ।

ਇਸ ਤੋਂ ਬਾਅਦ 18 ਮਾਰਚ ਨੂੰ ਦੋ ਸ਼ੂਟਰਾਂ ਨੇ ਸੈਕਟਰ-9 'ਚ ਚਿੰਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਵਾਰਦਾਤ ਤੋਂ ਅਗਲੇ ਹੀ ਦਿਨ ਪੰਜਾਬ ਪੁਲਿਸ ਨੇ ਦੋਵਾਂ ਸ਼ੂਟਰਾਂ ਫ਼ਿਰੋਜ਼ਪੁਰ ਦੇ ਰਹਿਣ ਵਾਲੇ ਰਾਜਨ ਉਰਫ਼ ਪਿਊਸ਼ ਪਹਿਲਵਾਨ ਅਤੇ ਨਵਾਂਸ਼ਹਿਰ ਦੇ ਰਹਿਣ ਵਾਲੇ ਪ੍ਰੀਤਮ ਸ਼ਾਹ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਥੋੜ੍ਹੇ ਦਿਨਾਂ ਬਾਅਦ ਸਾਈਕਲ ਦਾ ਹੈਂਡਲ, ਟਾਇਰ ਤੇ ਸਟੈਂਡ ਵੱਖ-ਵੱਖ ਆਗੂਆਂ ਕੋਲ ਹੋਣਗੇ-ਅਮਨ ਅਰੋੜਾ ਨੇ ਕਾਂਗਰਸ 'ਤੇ ਕੱਸਿਆ ਤਨਜ਼

ਸਾਂਝੀ ਖ਼ਬਰ



(ਸੰਦੀਪ ਸਿੰਘ)
ਚੰਡੀਗੜ੍ਹ, 13 ਨਵੰਬਰ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਨੂੰ ਲੈ ਕੇ ਪਾਰਟੀ 'ਤੇ ਤਿੱਖਾ ਨਿਸ਼ਾਨਾ ਲਾਇਆ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸ਼ੁਰੂ ਕੀਤੀ ਜਾ ਰਹੀ 'ਜਵਾਨੀ ਸੰਭਾਲ ਯਾਤਰਾ' ਸਬੰਧੀ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇੱਕ ਨਹੀਂ, ਸਗੋਂ ਕਈ ਕਾਂਗਰਸ ਚੱਲ ਰਹੀਆਂ ਹਨ। ਕਿਤੇ ਰਾਜਾ ਕਾਂਗਰਸ ਹੈ, ਕਿਤੇ ਪ੍ਰਤਾਪ ਬਾਜਵਾ ਕਾਂਗਰਸ, ਕਿਤੇ ਚਰਨਜੀਤ ਸਿੰਘ ਚੰਨੀ ਕਾਂਗਰਸ, ਕਿਤੇ ਸੁਖਜਿੰਦਰ ਸਿੰਘ ਰੰਧਾਵਾ ਕਾਂਗਰਸ, ਖਹਿਰਾ ਕਾਂਗਰਸ ਅਤੇ ਕਿਤੇ ਪ੍ਰਗਟ ਸਿੰਘ ਕਾਂਗਰਸ ਹੈ।

ਲੁਧਿਆਣਾ ਪਹੁੰਚੇ ਅਮਨ ਅਰੋੜਾ ਨੇ ਵਿਅੰਗਮਈ ਅੰਦਾਜ਼ ਵਿੱਚ ਕਿਹਾ ਕਿ ਕਾਂਗਰਸ ਦੀ ਇਸ ਧੜੇਬੰਦੀ ਦਾ ਹਾਲ ਆਉਣ ਵਾਲੇ ਦਿਨਾਂ ਵਿੱਚ ਹੋਰ ਸਪੱਸ਼ਟ ਹੋ ਜਾਵੇਗਾ। ਉਨ੍ਹਾਂ ਤਨਜ਼ ਕੱਸਦਿਆਂ ਕਿਹਾ ਕਿ ਕੁੱਝ ਸਮੇਂ ਬਾਅਦ ਇਸ ਸਾਈਕਲ ਦਾ ਟਾਇਰ ਕਿਸੇ ਹੋਰ ਆਗੂ ਕੋਲ ਹੋਵੇਗਾ, ਹੈਂਡਲ ਕਿਸੇ ਹੋਰ ਕੋਲ ਅਤੇ ਸਟੈਂਡ ਕਿਸੇ ਹੋਰ ਆਗੂ ਕੋਲ ਹੋਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਅੰਦਰੂਨੀ ਖਿੱਚੋਤਾਣ ਨੂੰ ਦੇਖਦਿਆਂ ਇਹ ਸਵਾਲ ਉੱਠਦਾ ਹੈ ਕਿ ਆਖ਼ਰ ਕਿਸ ਕਾਂਗਰਸ ਦੀ ਗੱਲ ਕੀਤੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਸ੍ਰੀ ਚਮਕੌਰ ਸਾਹਿਬ ਤੋਂ 'ਜਵਾਨੀ ਸੰਭਾਲ ਯਾਤਰਾ' ਸ਼ੁਰੂ ਕੀਤੀ ਜਾ ਰਹੀ ਹੈ। ਇਸੇ ਯਾਤਰਾ ਨੂੰ ਲੈ ਕੇ ਅਮਨ ਅਰੋੜਾ ਨੇ ਕਾਂਗਰਸ ਦੇ ਵੱਖ-ਵੱਖ ਆਗੂਆਂ ਵਿਚਕਾਰ ਚੱਲ ਰਹੀ ਸਿਆਸੀ ਖਿੱਚੋਤਾਣ 'ਤੇ ਸਵਾਲ ਚੁੱਕੇ।ਇਸ ਦੌਰਾਨ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਫਿਰੌਤੀ ਦੀ ਕਾਲ ਆਉਣ ਸਬੰਧੀ ਪੁੱਛੇ ਸਵਾਲ 'ਤੇ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਦੇ ਖ਼ਿਆਲ ਵਿੱਚ ਕੇਜਰੀਵਾਲ ਕੋਲ ਅਜਿਹਾ ਕੁੱਝ ਨਹੀਂ ਹੈ, ਜਿਸ ਲਈ ਕੋਈ ਫਿਰੌਤੀ ਮੰਗੇ। ਉਨ੍ਹਾਂ ਕੋਲ ਤਾਂ ਦੇਸ਼ ਨੂੰ ਦੇਣ ਲਈ ਬਹੁਤ ਕੁੱਝ ਹੈ। ਕੇਜਰੀਵਾਲ ਕੋਲ ਲੋਕਾਂ ਨੂੰ ਬਿਹਤਰ ਸਿੱਖਿਆ ਦੇਣ, ਸਕੂਲਾਂ ਨੂੰ ਸੁਧਾਰਨ, ਹਸਪਤਾਲਾਂ ਨੂੰ ਅਪਗ੍ਰੇਡ ਕਰਕੇ ਉਨ੍ਹਾਂ ਨੂੰ ਵਿਸ਼ਵ ਪੱਧਰੀ ਬਣਾਉਣ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਲੜਨ ਦਾ ਤਜਰਬਾ ਤੇ ਵਿਚਾਰ ਹਨ।ਅਮਨ ਅਰੋੜਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਕੋਲ ਚੰਗੀਆਂ ਕਦਰਾਂ-ਕੀਮਤਾਂ ਅਤੇ ਲੋਕ ਭਲਾਈ ਦੇ ਵਿਚਾਰਾਂ ਦਾ ਖ਼ਜ਼ਾਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਫਿਰੌਤੀ ਦੀ ਕਾਲ ਕੀਤੀ ਵੀ ਹੈ, ਤਾਂ ਹੋ ਸਕਦਾ ਹੈ ਕਿ ਉਸ ਨੇ ਕਿਸੇ ਭੁਲੇਖੇ ਵਿੱਚ ਅਜਿਹਾ ਕੀਤਾ ਹੋਵੇ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਜੀਵਨ ਸਿੰਘ ਸੰਗੋਵਾਲ, ਚੇਅਰਮੈਨ ਜਤਿੰਦਰ ਸਿੰਘ ਖੰਗੂੜਾ ਆਦਿ ਹਾਜ਼ਰ ਸਨ।

ਨਗਰ ਕੌਂਸਲ ਜ਼ੀਰਕਪੁਰ ਦੀ ਕਥਿਤ ਸ਼ਹਿ 'ਤੇ ਨਾਜਾਇਜ਼ ਉਸਾਰੀਆਂ

ਸਾਂਝੀ ਖ਼ਬਰ



ਏਟੀਪੀ (ATP) ਅਤੇ ਬਿਲਡਿੰਗ ਇੰਸਪੈਕਟਰ ਦੀ ਕਾਰਜਪ੍ਰਣਾਲੀ 'ਤੇ ਉੱਠੇ ਗੰਭੀਰ ਸਵਾਲ, 'ਪਿੱਕ ਐਂਡ ਚੁਆਇਸ' ਦਾ ਦੋਸ਼

ਜਿਨ੍ਹਾਂ ਨਕਸ਼ਿਆਂ ਨੂੰ ਪਹਿਲਾਂ ਰੋਕਿਆ ਗਿਆ, ਬਾਅਦ ਵਿੱਚ ਆਖ਼ਰ ਕਿਸ ਆਧਾਰ 'ਤੇ ਮਿਲੀ ਮਨਜ਼ੂਰੀ? ਚੋਣਵੀਆਂ ਸ਼ਿਕਾਇਤਾਂ 'ਤੇ ਕਾਰਵਾਈ ਅਤੇ ਬਾਕੀ ਮਾਮਲਿਆਂ ਵਿੱਚ ਚੁੱਪੀ 'ਤੇ ਜਲਦ ਹੋਣਗੇ ਵੱਡੇ ਖ਼ੁਲਾਸੇ

PS Mittha
Vinod Gupta
ਜ਼ੀਰਕਪੁਰ, 13 ਨਵੰਬਰ

ਜ਼ੀਰਕਪੁਰ ਵਿੱਚ ਨਾਜਾਇਜ਼ ਉਸਾਰੀਆਂ ਦਾ ਮੁੱਦਾ ਇੱਕ ਵਾਰ ਫਿਰ ਚਰਚਾ ਦੇ ਕੇਂਦਰ ਵਿੱਚ ਆ ਗਿਆ ਹੈ। ਨਗਰ ਕੌਂਸਲ ਜ਼ੀਰਕਪੁਰ ਦੀ ਬਿਲਡਿੰਗ ਬ੍ਰਾਂਚ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਕਈ ਗੰਭੀਰ ਸਵਾਲ ਉੱਠ ਰਹੇ ਹਨ। ਦੋਸ਼ ਹੈ ਕਿ ਸ਼ਹਿਰ ਵਿੱਚ ਕੁਝ ਉਸਾਰੀਆਂ ਦੇ ਮਾਮਲੇ ਵਿੱਚ ਕਥਿਤ ਤੌਰ 'ਤੇ 'ਪਿੱਕ ਐਂਡ ਚੁਆਇਸ' (Pick and Choose) ਦਾ ਫਾਰਮੂਲਾ ਅਪਣਾਇਆ ਜਾ ਰਿਹਾ ਹੈ, ਜਦਕਿ ਕੁਝ ਮਾਮਲਿਆਂ ਵਿੱਚ ਸ਼ਿਕਾਇਤਾਂ ਦੇ ਬਾਵਜੂਦ ਕਾਰਵਾਈ ਨਾ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ।

ਨਗਰ ਕੌਂਸਲ ਦੇ ਏਟੀਪੀ (ਅਸਿਸਟੈਂਟ ਟਾਊਨ ਪਲਾਨਰ) ਅਤੇ ਬਿਲਡਿੰਗ ਇੰਸਪੈਕਟਰ ਦੀ ਭੂਮਿਕਾ ਨੂੰ ਲੈ ਕੇ ਵੀ ਸਵਾਲ ਖੜ੍ਹੇ ਹੋ ਰਹੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਿਨ੍ਹਾਂ ਇਮਾਰਤੀ ਨਕਸ਼ਿਆਂ ਨੂੰ ਪਹਿਲਾਂ ਕਿਸੇ ਕਾਰਨ ਕਰਕੇ ਰੋਕ ਦ

ਡੇਂਗੂ ਰੋਕਥਾਮ ਲਈ ਹੁਣ ਡਰੋਨ ਰਾਹੀਂ ਛਿੜਕੀ ਜਾਵੇਗੀ ਲਾਰਵੀਸਾਈਡ ਦਵਾਈ - ਡਾ. ਬ੍ਰਿਜੇਸ਼ ਸਿੰਘ

ਸਾਂਝੀ ਖ਼ਬਰ

ਸਿਹਤ ਵਿਭਾਗ ਦੀ ਟੀਮ ਆਮ ਲੋਕਾਂ ਨੂੰ "ਡਰੋਨ ਡੇਂਗੂ ਰੋਕਥਾਮ ਮੁਹਿੰਮ" ਸਬੰਧੀ ਕਰ ਰਹੀ ਹੈ ਜਾਗਰੂਕ - ਡਾ. ਬ੍ਰਿਜੇਸ਼ ਸਿੰਘ



ਕਾਲੋਮਾਜਰਾ,(13-11-2026) ਸਿਵਲ ਸਰਜਨ ਪਟਿਆਲਾ ਡਾ. ਸ਼ੈਲੀ ਜੇਤਲੀ ਅਤੇ ਜ਼ਿਲ੍ਹਾ ਐਪੀਡੀ-ਮੋਲੋਜਿਸਟ ਡਾ. ਗੁਰਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਬ੍ਰਿਜੇਸ਼ ਸਿੰਘ ਦੀ ਯੋਗ ਅਗਵਾਈ ਹੇਠ ਬਲਾਕ ਕਾਲੋਮਾਜਰਾ ਵਿਖੇ ਡਰੋਨ ਡੇਂਗੂ ਰੋਕਥਾਮ ਮੁਹਿੰਮ ਸਬੰਧੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਮੂਹ ਸਿਹਤ ਸੁਪਰਵਾਈਜ਼ਰ, ਮ.ਪ.ਹ.ਵ ਮੇਲ/ਫੀਮੇਲ ਅਤੇ ਸਮੂਹ ਆਸ਼ਾ ਵਰਕਰਾਂ ਹਾਜ਼ਰ ਸਨ।

ਇਸ ਮੌਕੇ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਬ੍ਰਿਜੇਸ਼ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਵਿਸ਼ੇਸ਼ ਗਤੀਵਿਧੀਆਂ ਅਤੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਸਿਹਤ ਵਿਭਾਗ ਵੱਲੋਂ ਡੇਂਗੂ ਦੇ ਲਾਰਵੇ ਨੂੰ ਖ਼ਤਮ ਕਰਨ ਲਈ ਲੋੜ ਅਨੁਸਾਰ ਡਰੋਨ ਰਾਹੀਂ ਲਾਰਵੀਸਾਈਡ ਦਾ ਛਿੜਕਾਅ ਕਰਨ ਦੀ ਤਕਨੀਕ ਵਰਤਣ ਦੀ ਤਿਆਰੀ ਹੈ ਤਾਂ ਜੋ ਉਸ ਖੇਤਰ ਨੂੰ ਵੀ ਕਵਰ ਕੀਤਾ ਜਾ ਸਕੇ ਜਿੱਥੇ ਦਵਾਈ ਦਾ ਛਿੜਕਾਅ ਕਰਨਾ ਬਹੁਤ ਮੁਸ਼ਕਲ ਹੁੰਦਾ ਸੀ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਦੱਸਿਆ ਕਿ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਲੋਕਾਂ ਦੀ ਭਾਗੀਦਾਰੀ ਵੀ ਬਹੁਤ ਜ਼ਰੂਰੀ ਹੈ। ਇਸ ਸਬੰਧੀ ਵਧੇਰੇ ਜਾਗਰੂਕਤਾ ਲਿਆਉਣ ਲਈ ਉਨ੍ਹਾਂ ਸਮੂਹ ਮ.ਪ.ਹ.ਵ ਮੇਲ ਨੂੰ ਪਿੰਡ ਪੱਧਰ ਤੇ ਐਨਾਉਸਮੇਂਟ ਕਰਵਾਉਣ ਲਈ ਵੀ ਵਿਸ਼ੇਸ਼ ਹਦਾਇਤ ਕੀਤੀ ਹੈ ਤਾਂ ਜੋ ਆਮ ਲੋਕਾਂ ਨੂੰ ਇਸ ਸਬੰਧੀ ਸਹੀ ਜਾਣਕਾਰੀ ਮਿਲ ਸਕੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਡੇਂਗੂ ਪ੍ਰਭਾਵਿਤ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਡੇਂਗੂ ਲਾਰਵਾ ਨਸ਼ਟ ਕਰਨ ਲਈ ਡਰੋਨ ਰਾਹੀਂ ਲਾਰਵੀਸਾਈਡ ਦਾ ਛਿੜਕਾਅ ਕੀਤਾ ਜਾਵੇਗਾ, ਜਿਸ ਨਾਲ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕੇਗਾ।

ਇਸ ਮੌਕੇ ਮੋਨਿਕਾ ਬੀ.ਈ.ਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ

ਡੇਂਗੂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ। ਆਮ ਲੋਕ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਪਾਣੀ ਇਕੱਠਾ ਨਾ ਹੋਣ ਦੇਣ ਅਤੇ ਮੱਛਰਾਂ ਤੋਂ ਬਚਾਅ ਲਈ ਪੂਰੀ ਬਾਂਹ ਵਾਲੇ ਕੱਪੜੇ ਪਹਿਨਣ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਲਾਰਵੀਸਾਈਡ ਦਵਾਈ ਦਾ ਛਿੜਕਾਅ ਕਰਨ ਲਈ ਕਿਸੇ ਵਿਅਕਤੀ, ਜਾਨਵਰ, ਪੰਛੀ ਆਦਿ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਹੈ। ਸਿਰਫ਼ ਆਧੁਨਿਕ ਤਕਨੀਕ ਦੀ ਵਰਤੋਂ ਨਾਲ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਦੇ ਯਤਨ ਕੀਤੇ ਜਾ ਰਹੇ ਹਨ।

ਹੈਲਥ ਕਾਰਡ ਵੰਡ ਕੇ ਵਾਹ-ਵਾਹੀ ਲੁੱਟ ਰਹੀ 'ਆਪ' ਸਰਕਾਰ: ਸੰਜੀਵ ਖੰਨਾ ਨੇ ਪੁੱਛਿਆ- ਜਨਤਾ ਨੂੰ ਰੁਜ਼ਗਾਰ ਅਤੇ ਰੋਟੀ ਕਦੋਂ ਮਿਲੇਗੀ?

ਸਾਂਝੀ ਖ਼ਬਰ

ਵਿਧਾਇਕ ਕੁਲਜੀਤ ਰੰਧਾਵਾ, 'ਆਪ' ਆਗੂ ਸੁਭਾਸ਼ ਸ਼ਰਮਾ ਅਤੇ ਚੇਅਰਮੈਨ ਸੰਨੀ ਆਹਲੂਵਾਲੀਆ 'ਤੇ ਸਾਧਿਆ ਨਿਸ਼ਾਨਾ,

ਕਿਹਾ— ਹੈਲਥ ਕਾਰਡ ਬਣਵਾਉਣ ਲਈ ਦਿਨ-ਰਾਤ ਇੱਕ ਕਰਨ ਵਾਲੇ ਆਗੂ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਲਈ ਵੀ ਅੱਗੇ ਆਉਣ

PS Mittha
ਜ਼ੀਰਕਪੁਰ, 13 ਨਵੰਬਰ

ਭਾਜਪਾ ਆਗੂ ਸੰਜੀਵ ਖੰਨਾ ਨੇ ਹਲਕਾ ਡੇਰਾਬੱਸੀ ਵਿੱਚ ਆਮ ਆਦਮੀ ਪਾਰਟੀ ਵੱਲੋਂ ਚਲਾਏ ਜਾ ਰਹੇ ਹੈਲਥ ਕਾਰਡ ਵੰਡ ਮੁਹਿੰਮ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਸਥਾਨਕ 'ਆਪ' ਆਗੂਆਂ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਆਮ ਆਦਮੀ ਪਾਰਟੀ ਦੇ ਆਗੂ ਸੁਭਾਸ਼ ਸ਼ਰਮਾ ਅਤੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਸੰਨੀ ਸਿੰਘ ਆਹਲੂਵਾ-ਲੀਆ ਲੋਕਾਂ ਦੇ ਹੈਲਥ ਕਾਰਡ ਬਣਵਾਉਣ ਲਈ ਦਿਨ-ਰਾਤ ਇੱਕ ਕਰ ਰਹੇ ਹਨ, ਪਰ ਹਲਕੇ ਵਿੱਚ ਬੇਰੁਜ਼ਗਾਰੀ, ਚੋਰੀ-ਚਕਾਰੀ, ਅਪਰਾਧਿਕ ਘਟਨਾਵਾਂ ਅਤੇ ਨਸ਼ੇ ਦੀ ਸਮੱਸਿਆ ਪ੍ਰਤੀ ਵੀ ਉਨ੍ਹਾਂ ਨੂੰ ਓਨੀ ਹੀ ਗੰਭੀਰਤਾ ਦਿਖਾਉਣੀ ਚਾਹੀਦੀ ਹੈ।

ਸੰਜੀਵ ਖੰਨਾ ਨੇ ਕਿਹਾ ਕਿ ਅੱਜ ਡੇਰਾਬੱਸੀ ਹਲਕੇ ਦੇ ਨੌਜਵਾਨਾਂ ਨੂੰ ਸਭ ਤੋਂ ਵੱਧ ਲੋੜ ਰੁਜ਼ਗਾਰ ਦੀ ਹੈ। ਜੇਕਰ ਪੰਜਾਬ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਢੁੱਕਵੇਂ ਮੌਕੇ ਮੁਹੱਈਆ ਕਰਵਾਏ ਤਾਂ ਆਰਥਿਕ ਮਜਬੂਰੀ ਕਾਰਨ ਅਪਰਾਧ ਵੱਲ ਜਾਣ ਦਾ ਖ਼ਤਰਾ ਘੱਟ ਹੋ ਸਕਦਾ ਹੈ। ਰੁਜ਼ਗਾਰ ਮਿਲਣ ਨਾਲ ਨੌਜਵਾਨ ਆਤਮ-ਨਿਰਭਰ ਬਣਨਗੇ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣ ਲਈ ਉਨ੍ਹਾਂ ਨੂੰ ਬਿਹਤਰ ਭਵਿੱਖ ਦਾ ਰਾਹ ਮਿਲੇਗਾ।

ਕੀ ਸਰਕਾਰ ਨੌਜਵਾਨਾਂ ਦੇ ਬਿਮਾਰ ਹੋਣ ਦੀ ਉਡੀਕ ਕਰ ਰਹੀ ਹੈ?

ਭਾਜਪਾ ਆਗੂ ਨੇ ਸਵਾਲ ਚੁੱਕਦਿਆਂ ਕਿਹਾ,

"ਕੀ ਪੰਜਾਬ ਸਰਕਾਰ ਚਾਹੁੰਦੀ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਨਾ ਮਿਲੇ, ਉਹ ਬੇਰੁਜ਼ਗਾਰੀ ਤੋਂ ਪਰੇਸ਼ਾਨ ਹੋ ਕੇ ਚੋਰੀ-ਚਕਾਰੀ ਅਤੇ ਨਸ਼ੇ ਦੇ ਦਲਦਲ ਵਿੱਚ ਫਸ ਜਾਣ, ਫਿਰ ਬਿਮਾਰ ਪੈਣ ਅਤੇ ਸਰਕਾਰ ਉਨ੍ਹਾਂ ਨੂੰ ਹੈਲਥ ਕਾਰਡ ਦੇ ਕੇ ਇਲਾਜ ਕਰਵਾਏ? ਕੀ ਸਰਕਾਰ



ਇਸੇ ਦਿਨ ਦੀ ਉਡੀਕ ਕਰ ਰਹੀ ਹੈ?"

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਭ ਤੋਂ ਪਹਿਲਾਂ ਅਜਿਹੇ ਹਾਲਾਤ ਪੈਦਾ ਕਰਨੇ ਚਾਹੀਦੇ ਹਨ, ਜਿਨ੍ਹਾਂ ਵਿੱਚ ਨੌਜਵਾਨਾਂ ਨੂੰ ਅਪਰਾਧ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੇ ਮੌਕੇ ਮਿਲਣ। ਸਿਰਫ਼ ਬਿਮਾਰੀ ਤੋਂ ਬਾਅਦ ਇਲਾਜ ਦੀ ਸਹੂਲਤ ਉਪਲਬਧ ਕਰਵਾਉਣਾ ਕਾਫ਼ੀ ਨਹੀਂ ਹੈ, ਸਗੋਂ ਬੇਰੁਜ਼ਗਾਰੀ ਅਤੇ ਨਸ਼ੇ ਵਰਗੀਆਂ ਸਮੱਸਿਆਵਾਂ ਨਾਲ ਨਜਿੱਠਣਾ ਵੀ ਜ਼ਰੂਰੀ ਹੈ।

ਹੈਲਥ ਕਾਰਡ ਦੇ ਨਾਲ ਰੁਜ਼ਗਾਰ ਦੇਣ ਦੀ ਵੀ ਮੁਹਿੰਮ ਚਲਾਉਣ 'ਆਪ' ਆਗੂ

ਸੰਜੀਵ ਖੰਨਾ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਸੁਭਾਸ਼ ਸ਼ਰਮਾ ਅਤੇ ਸੰਨੀ ਸਿੰਘ ਆਹਲੂ-ਵਾਲੀਆ ਤੋਂ ਸਵਾਲ ਕੀਤਾ ਕਿ ਜਿਸ ਤਰ੍ਹਾਂ ਉਹ ਹੈਲਥ ਕਾਰਡ ਬਣਵਾਉਣ ਲਈ ਸਰਗਰਮ ਹਨ, ਉਸੇ ਤਰ੍ਹਾਂ ਹਲਕੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਲਈ ਵਿਸ਼ੇਸ਼ ਮੁਹਿੰਮ ਕਿਉਂ ਨਹੀਂ ਚਲਾਉਂਦੇ?

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਨਵੇਂ ਉਦਯੋਗਾਂ, ਸਥਾਨਕ ਰੁਜ਼ਗਾਰ ਦੇ ਮੌਕਿਆਂ, ਹੁਨਰ ਵਿਕਾਸ (ਸਕਿੱਲ ਡਿਵੈਲਪਮੈਂਟ) ਅਤੇ ਨਸ਼ਿਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ 'ਤੇ ਧਿਆਨ ਦੇਣਾ ਚਾਹੀਦਾ ਹੈ।

ਖੰਨਾ ਨੇ ਕਿਹਾ,

"ਸਾਨੂੰ ਹੈਲਥ ਕਾਰਡ ਤੋਂ ਕੋਈ ਇਤਰਾਜ਼ ਨਹੀਂ ਹੈ। ਲੋਕਾਂ ਨੂੰ ਬਿਹਤਰ ਇਲਾਜ ਮਿਲਣਾ ਚਾਹੀਦਾ ਹੈ, ਪਰ ਸਾਡੀ ਮੰਗ ਹੈ ਕਿ ਸਰਕਾਰ ਨੌਜਵਾਨਾਂ ਨੂੰ ਪਹਿਲਾਂ ਰੁਜ਼ਗਾਰ ਅਤੇ ਸੁਰੱਖਿਅਤ ਭਵਿੱਖ ਦੇਵੇ। ਨੌਜਵਾਨਾਂ ਦੇ ਹੱਥਾਂ ਵਿੱਚ ਕੰਮ ਹੋਵੇਗਾ ਤਾਂ ਉਹ ਆਪਣੇ ਪਰਿਵਾਰ ਦਾ ਸਹਾਰਾ ਬਣ ਸਕਣਗੇ ਅਤੇ ਅਪਰਾਧ ਤੇ ਨਸ਼ਿਆਂ ਤੋਂ ਦੂਰ ਰਹਿਣ ਦੇ ਬਿਹਤਰ ਮੌਕੇ ਮਿਲਣਗੇ।"

ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡੇਰਾਬੱਸੀ ਹਲਕੇ ਵਿੱਚ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਠੋਸ ਯੋਜਨਾ ਬਣਾਈ ਜਾਵੇ ਅਤੇ ਨਸ਼ਾ ਤਸਕਰੀ ਤੇ ਚੋਰੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।

ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਫੇਰੀ ਦਾ ਭਰਵਾ ਸਵਾਗਤ ਕੀਤਾ

ਸਾਂਝੀ ਖ਼ਬਰ



ਵੀਰਪਾਲ ਭਗਤਾ,
ਭਗਤਾ ਭਾਈਕਾ-

ਗੁਰਦੁਆਰਾ ਬਾਬਾ ਵਿਸ਼ਵਕ-ਰਮਾ ਸਾਹਿਬ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਆਰੰਭ ਕੀਤੀ ਗਈ ਪ੍ਰਭਾਤ ਫੇਰੀ ਸਬੰਧੀ ਬਲਵੀਰ ਸਿੰਘ ਡੀਲਕਸ ਐਗਰੀ ਵਰਕਸ ਭਗਤਾ ਭਾਈ ਦੇ ਪਰਿਵਾਰ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗਵਾਈ ਵਿਚ ਪਹੁੰਚੀ ਪ੍ਰਭਾਤ ਫੇਰੀ ਸਮੇਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮੂਲੀਅਤ ਕੀਤੀ ਅਤੇ ਪਰਿਵਾਰ ਵੱਲੋਂ ਪ੍ਰਭਾਤ ਫੇਰੀ ਦਾ ਭਰਵਾ ਸਵਾਗਤ ਕੀਤਾ ਗਿਆ। ਗੁਰਦੁਆਰਾ ਬਾਬਾ ਵਿਸ਼ਵਕਰਮਾ ਸਾਹਿਬ ਭਗਤਾ ਭਾਈ ਕਮੇਟੀ ਦੇ ਆਗੂ ਦਵਿੰਦਰ ਸਿੰਘ ਮਠਾੜੂ ਅਤੇ ਰਛਪਾਲ ਸਿੰਘ ਨਿੱਕਾ ਧੀਮਾਨ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਰੂ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ ਨੂੰ ਲੈ ਕੇ ਸੰਗਤਾਂ ਵਿਚ ਵੱਡਾ ਉਤਸਾਹ ਪਾਇਆ ਜਾਂ ਰਿਹਾ ਹੈ। ਪ੍ਰਭਾਤ ਫੇਰੀ ਸਬੰਧੀ ਸਮਾਗਮ ਦੌਰਾਨ ਗਿਆਨੀ ਸਿਕੰਦਰ ਸਿੰਘ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ ਅਤੇ ਉੱਘੇ ਢਾਡੀ ਬਲਵਿੰਦਰ ਸਿੰਘ ਭਗਤਾ ਨੇ ਸ੍ਰੀ ਗੁਰੂ ਗੁਰੂ ਨਾਨਕ ਦੇਵ ਜੀ ਜੀਵਨ ਸਬੰਧੀ ਵਾਰ ਪੇਸ਼ ਕਰਤੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਸਮਾਪਤੀ ਉਪਰੰਤ ਪ੍ਰਬੰਧਕਾਂ ਮਾਤਾ ਮਲਕੀਤ ਕੌਰ ਦਾ ਵਿਸ਼ੇਸ਼ ਤੌਰ ਕੇ ਸਨਮਾਨ ਕੀਤਾ ਗਿਆ। ਇਸ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਤੋਂ ਸੁਰੂ ਹੋਣ ਵਾਲੀਆਂ ਇਨ੍ਹਾਂ ਪ੍ਰਭਾਤ ਫੇਰੀਆਂ ਦਾ ਉਦੇਸ਼ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਜੋੜਨਾ ਅਤੇ ਗੁਰਬਾਣੀ, ਸਿਮਰਨ ਤੇ ਸੇਵਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨਾ ਹੈ। ਇਸ ਮੌਕੇ ਵੱਖ ਵੱਖ ਸਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਬਲਵੀਰ ਸਿੰਘ ਸਿੰਘ ਨੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਜੱਥੇਦਾਰ ਫੁੰਮਣ ਸਿੰਘ ਭਗਤਾ ਮੈਂਬਰ ਸ਼੍ਰੋਮਣੀ ਕਮੇਟੀ ਭਗਤਾ, ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ, ਬੂਟਾ ਸਿੰਘ ਸਿੱਧੂ ਸਾਬਕਾ ਪ੍ਰਧਾਨ, ਦਰਸ਼ਨ ਸਿੰਘ ਭਾਈ, ਗੁਰਤੇਜ ਸਿੰਘ ਚਾਨੀ, ਮਨਜੀਤ ਸਿੰਘ ਧੁੰਨਾ ਕੌਂਸਲਰ, ਨਿਰਮਲ ਸਿੰਘ ਧੀਮਾਨ ਪ੍ਰਧਾਨ, ਆਤਮਾ ਸਿੰਘ ਮਹਿਲ, ਗੁਰਦੀਪ ਸਿੰਘ ਸਟੈਂਡਰਡ ਵਾਲੇ, ਚਮਕੌਰ ਸਿੰਘ ਹਿਦੋਸਤਾਨ ਵਾਲੇ, ਬਿਕਰਮ ਸਿੰਘ ਨੰਬਰਦਾਰ, ਸਿਮਰਨਜੋਤ ਸਿੰਘ, ਸੇਮਾ ਪੰਪ ਵਾਲਾ, ਗੁਰਵਿੰਦਰ ਸਿੰਘ ਰਾਮਦਾਸ ਵਾਲੇ, ਸੁਖਮੰਦਰ ਸਿੰਘ ਮੰਦਰੀ, ਸਿਕੰਦਰ ਸਿੰਘ ਮਹਿਲ, ਮੇਜਰ ਸਿੰਘ ਮਹਿਲ, ਬਲਵਿੰਦਰ ਸਿੰਘ ਬਿੰਦੂ, ਸੁਰਿੰਦਰ ਭੁੱਟੋ, ਅਵਤਾਰ ਸਿੰਘ ਆਦਿ ਹਾਜਰ ਸਨ।

ਸਾਢੇ ਤਿੰਨ ਲੱਖ ਪੈਨਸ਼ਨਰਾਂ ਨੂੰ 2.59 ਗੁਣਾਂਕ ਤੋਂ ਵਾਂਝਾ ਰੱਖ ਕੇ ਮਾਨ ਸਰਕਾਰ ਨੇ ਕੀਤਾ ਵੱਡਾ ਵਿਸ਼ਵਾਸਘਾਤ : ਵਿਜੇ ਸਾਂਪਲਾ

ਸਾਂਝੀ ਖ਼ਬਰ

ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਬਜ਼ੁਰਗਾਂ ਨੂੰ ਸੜਕਾਂ ਅਤੇ ਅਦਾਲਤਾਂ ਵਿੱਚ ਰੋਲਣਾ ਬੇਹੱਦ ਸ਼ਰਮਨਾਕ, ਭਾਜਪਾ ਸਰਕਾਰ ਆਉਣ 'ਤੇ ਹਰ ਜਾਇਜ਼ ਮੰਗ ਹੋਵੇਗੀ ਪੂਰੀ : ਸਾਬਕਾ ਕੇਂਦਰੀ ਮੰਤਰੀ

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 13 ਨਵੰਬਰ

ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਸਿਆਸੀ ਹਮਲਾ ਕਰਦਿਆਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਦੋਸ਼ ਲਾਇਆ ਹੈ ਕਿ ਮੌਜੂਦਾ ਸਰਕਾਰ ਨੇ ਸੂਬੇ ਦੇ ਕਰੀਬ ਸਾਢੇ ਤਿੰਨ ਲੱਖ ਪੈਨਸ਼ਨਰਾਂ ਨੂੰ 2.59 ਗੁਣਾਂਕ ਦਾ ਬਣਦਾ ਹੱਕ ਨਾ ਦੇ ਕੇ ਉਨ੍ਹਾਂ ਨਾਲ ਵੱਡਾ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਕਾਰਨ ਅੱਜ ਸਮਾਜ ਦੇ ਸਤਿਕਾਰਯੋਗ ਸੀਨੀਅਰ ਸਿਟੀਜ਼ਨ ਆਪਣੇ ਹੱਕਾਂ ਲਈ ਸੜਕਾਂ 'ਤੇ ਰੁਲਣ ਲਈ ਮਜਬੂਰ ਹਨ, ਜੋ ਕਿ ਬਜ਼ੁਰਗਾਂ ਦਾ ਸਿੱਧਾ ਅਪਮਾਨ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਜੇ ਸਾਂਪਲਾ ਨੇ ਕਿਹਾ ਕਿ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਸਪੱਸ਼ਟ ਸਿਫ਼ਾਰਸ਼ ਕੀਤੀ ਗਈ ਸੀ ਕਿ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਵਿੱਚ 2.59 ਗੁਣਾਂਕ ਦੇ ਹਿਸਾਬ ਨਾਲ ਸੋਧ ਕੀਤੀ ਜਾਵੇ। ਪਰ ਮੌਜੂਦਾ ਸੂਬਾ ਸਰਕਾਰ ਨੇ ਇਸ ਸਿਫ਼ਾਰਸ਼ ਨੂੰ ਦਰਕਿਨਾਰ ਕਰਦਿਆਂ ਘੱਟ ਦਰ ਨਾਲ ਪੈਨਸ਼ਨਾਂ ਸੋਧ ਕੇ ਬਜ਼ੁਰਗਾਂ ਦੀ ਜੇਬ 'ਤੇ ਵੱਡਾ ਡਾਕਾ ਮਾਰਿਆ ਹੈ, ਜਿਸ ਨਾਲ ਉਨ੍ਹਾਂ ਨੂੰ ਹਰ ਮਹੀਨੇ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਜਿਹੜੇ ਮੁਲਾਜ਼ਮਾਂ ਨੇ ਆਪਣੀ ਸਾਰੀ ਜਵਾਨੀ ਸੂਬੇ ਦੀ ਸੇਵਾ ਦੇ ਲੇਖੇ ਲਾ ਦਿੱਤੀ, ਅੱਜ ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਸਰਕਾਰ ਉਨ੍ਹਾਂ ਨੂੰ ਖੱਜਲ-ਖੁਆਰ ਕਰ ਰਹੀ ਹੈ।

ਸਾਂਪਲਾ ਨੇ ਸਰਕਾਰ ਦੇ ਅੜੀਅਲ ਵਤੀਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਪੈਨਸ਼ਨਰਾਂ ਨੂੰ 2.59 ਗੁਣਾਂਕ ਦਾ



ਲਾਭ ਨਹੀਂ ਦਿੱਤਾ ਜਾ ਰਿਹਾ ਅਤੇ ਦੂਜੇ ਪਾਸੇ ਉਨ੍ਹਾਂ ਦਾ ਬਣਦਾ ਮਹਿੰਗਾਈ ਭੱਤਾ (ਡੀ.ਏ.) ਵੀ ਰੋਕ ਕੇ ਹੱਕ

ਬੀ.ਆਰ.ਸੀ. ਕਾਨਵੈਂਟ ਸਕੂਲ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਤੇ ਰੌਣਕ ਨਾਲ ਮਨਾਇਆ ਗਿਆ

ਸਾਂਝੀ ਖ਼ਬਰ

ਰਾਜਵਿੰਦਰ ਰੌਂਤਾ
ਮੋਗਾ

ਬੀ.ਆਰ.ਸੀ. ਕਾਨਵੈਂਟ ਸਕੂਲ ਸਮਾਧ ਭਾਈ (ਮੋਗਾ) ਵਿਖੇ ਬਾਲ ਦਿਵਸ ਬੜੇ ਹੀ ਉਤਸ਼ਾਹ, ਖੁਸ਼ੀ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚੇ ਬਹੁਤ ਹੀ ਸੋਹਣੇ ਅਤੇ ਰੰਗ-ਬਿਰੰਗੇ ਕੱਪੜੇ ਪਹਿਨ ਕੇ ਸਕੂਲ ਪਹੁੰਚੇ। ਬੱਚਿਆਂ ਦੀਆਂ ਖਿੜੀਆਂ ਮੁਸਕਾਨਾਂ ਅਤੇ ਮਨਮੋਹਕ ਪਹਿਰਾਵੇ ਨੇ ਸਕੂਲ ਦੇ ਮਾਹੌਲ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ।



ਇਸ ਮੌਕੇ ਵਿਦਿਆਰਥੀਆਂ ਵੱਲੋਂ ਨਾਟਕ, ਡਾਂਸ, ਭਾਸ਼ਣ ਅਤੇ ਗੀਤਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਪ੍ਰਸ਼ਨ-ਉੱਤਰ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸਾਰੇ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਕਿਰਨਾ ਰਾਣੀ ਨੇ ਬੱਚਿਆਂ ਨੂੰ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਬੱਚੇ ਦੇਸ਼ ਦਾ ਅਨਮੋਲ ਸਰਮਾਇਆ ਹਨ। ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਵੀ ਬਹੁਤ ਜ਼ਰੂਰੀ ਹਨ। ਸਕੂਲ ਦੇ ਚੇਅਰਮੈਨ ਸ. ਲਾਭ ਸਿੰਘ ਖੋਖਰ ਅਤੇ ਮੈਨੇਜਿੰਗ ਡਾਇਰੈਕਟਰ ਸ. ਜਗਜੀਤ ਸਿੰਘ ਖੋਖਰ ਨੇ ਵੀ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।ਸਮੁੱਚਾ ਸਮਾਗਮ ਖੁਸ਼ੀ, ਉਤਸ਼ਾਹ ਅਤੇ ਯਾਦਗਾਰੀ ਪਲਾਂ ਨਾਲ ਭਰਪੂਰ ਰਿਹਾ।

ਕੁਲਵੰਤ ਸਿੰਘ ਮਲੂਕਾ ਦੀ ਬਾਘਾ ਪੁਰਾਣਾ ਵਰਕਰ ਮਿਲਣੀ ਨੇ ਸਿਆਸੀ ਥੰਮ ਹਿਲਾਏ

ਸਾਂਝੀ ਖ਼ਬਰ

ਰਾਜਵਿੰਦਰ ਰੌਂਤਾ
ਬਾਘਾਪੁਰਾਣਾ



ਸੂਬੇ ਦੀਆਂ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਨੂੰ ਲੈ ਕੇ ਵੱਖ ਵੱਖ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਲੋਕ ਮਿਲਣੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਵਿਚ ਕਾਂਗਰਸੀ ਆਗੂ ਕੁਲਵੰਤ ਸਿੰਘ ਮਲੂਕਾ ਵੱਲੋਂ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹਲਕੇ ਵਿਚ ਲੋਕਾਂ ਅਤੇ ਪਾਰਟੀ ਵਰਕਰਾਂ ਨਾਲ ਸੰਪਰਕ ਮੁਹਿੰਮ ਵਿਚ ਸਰਗਰਮੀ ਲਿਆਂਦੀ ਹੈ।ਮਿੱਤਲ ਰਿਜ਼ੋਰਟ (ਰਾਜਿਆਣਾ) ਬਾਘਾਪੁਰਾਣਾ ਵਿਖੇ ਵਰਕਰ ਮਿਲਣੀ ਵਿਚ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਕਾਂਗਰਸੀ ਵਰਕਰਾਂ, ਸਮਰਥਕਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਲੋਕਾਂ ਵੱਲੋਂ ਗੱਡੀਆਂ ਦੇ ਕਾਫਲਿਆਂ ਸਮੇਤ ਪਹੁੰਚਣ ਨਾਲ ਮਲੂਕਾ ਦਾ ਸਿਆਸੀ ਕੱਦ ਹੋਰ ਉੱਚਾ ਹੋਇਆ ਹੈ।ਹਲਕੇ ਦੇ ਨਾਮਵਰ ਆਗੂਆਂ ਕਾਰਨ ਮਿਲਣੀ ਇਕ ਵੱਡੀ ਸਿਆਸੀ ਰੈਲੀ ਦਾ ਰੂਪ ਧਾਰਨ ਕਰ ਗਈ। ਇਸ ਮੌਕੇ ਅਮਰਜੀਤ ਸਿੰਘ ਰਾਜਿਆਣਾ, ਵਿਜੇ ਬਾਂਸਲ, ਰਿਟਾਇਰਡ ਪ੍ਰਿੰਸੀਪਲ ਜਗਰੂਪ ਸਿੰਘ ਰਾਜਿਆਣਾ, ਰੂਪ ਸਿੰਘ ਕੋਟਲਾ ਮੋਹਰ ਸਿੰਘ ਵਾਲਾ ਅਤੇ ਬੇਅੰਤ ਸਿੰਘ ਸੰਗਤਪੁਰਾ,ਮਾਣੂੰਕੇ ਵਿਸ਼ੇਸ਼ ਤੌਰ ਤੇ ਸੁਸ਼ੋਭਿਤ ਸਨ।

ਕੁਲਵੰਤ ਸਿੰਘ ਮਲੂਕਾ ਨੇ ਕਿਹਾ ਕਿ ਜੇਕਰ ਹਲਕੇ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦਾ ਸਾਥ ਦਿੰਦੇ ਹਨ ਤਾਂ ਉਹ ਬਾਘਾ ਪੁਰਾਣਾ ਹਲਕੇ ਦੇ ਵਿਕਾਸ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਹਲਕੇ ਵਿਚ ਵਿਕਾਸ ਦੀ ਹਨੇਰੀ ਲਿਆਂਦੀ ਜਾਵੇਗੀ । ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਸਿਹਤ ਸਿੱਖਿਆ ਟਰਾਂਸਪੋਰਟ ਸੜਕਾਂ ਦੀ ਬੇਹਤਰੀ ਲਈ ਸਮੱਸਿਆਵਾਂ ਦਾ ਹੱਲ ਕਰਵਾਉਣਾ ਅਤੇ ਹਲਕੇ ਨੂੰ ਵਿਕਾਸ ਪੱਖੋਂ ਅੱਗੇ ਲਿਜਾਣਾ ਮੇਰਾ ਮਕਸਦ ਹੋਵੇਗਾ।

ਉਹਨਾਂ ਸੱਤਾਧਾਰੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਲੋਕਾਂ ਨੇ ਸਭ ਦੇਖ ਲਿਆ ਹੈ,

ਲੋਕਾਂ ਨੂੰ ਦਿਖਾਏ ਗਏ ਸੁਪਨਿਆਂ ਅਤੇ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ। ਪੰਜਾਬ ਦੇ ਲੋਕ ਹੁਣ ਸੂਬੇ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਸੁਕ ਹਨ। ਉਨ੍ਹਾਂ ਹਾਜ਼ਰ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਹੱਥ ਮਜ਼ਬੂਤ ਕਰਨ ਤਾਂ ਹਲਕਾ ਬਾਘਾਪੁਰਾਣਾ ਸੂਬੇ ਦਾ ਵਧੀਆ ਹਲਕਾ ਬਣ ਸਕੇ।ਉਹ ਉਨ੍ਹਾਂ ਸਾਰੇ ਲੋਕਾਂ ਦੇ ਸਦਾ ਰਿਣੀ ਰਹਿਣਗੇ, ਜਿਹੜੇ ਉਨ੍ਹਾਂ ਦੀ ਇਕ ਆਵਾਜ਼ 'ਤੇ ਵੱਡੀ ਗਿਣਤੀ ਵਿਚ ਇਸ ਮਿਲਣੀ ਵਿਚ ਪਹੁੰਚੇ ਹਨ। ਗਲਬਾਤ ਕਰਦਿਆਂ ਕੁਲਵੰਤ ਸਿੰਘ ਮਲੂਕਾ ਨੇ ਕਿਹਾ ਕਿ ਅੱਜ ਦੇ ਇਕੱਠ ਵਿਚ ਲੋਕਾਂ ਦੀ ਵੱਡੀ ਸ਼ਮੂਲੀਅਤ ਨੇ ਉਨ੍ਹਾਂ ਦਾ ਹੌਸਲਾ ਵਿਸ਼ਵਾਸ ਬਣਾਇਆ ਹੈ ਕਿ ਹਲਕੇ ਦੇ ਲੋਕ ਉਨ੍ਹਾਂ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਹਲਕੇ ਦੀ ਨੁਮਾਇੰਦਗੀ ਕਰਦਿਆਂ ਦੇਖਣਾ ਚਾਹੁੰਦੇ ਹਨ।

ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਮੰਦਰ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਪ੍ਰਭਾਤ ਫੇਰੀ ਦਾ ਆਯੋਜਨ

ਸਾਂਝੀ ਖ਼ਬਰ

ਮਾਤਾ ਰਾਣੀ ਦੀਆਂ ਭੇਟਾਂ ਨਾਲ ਗੂੰਜਿਆ ਇਲਾਕਾ, ਚਾਹ ਦਾ ਲੰਗਰ ਤੇ ਪ੍ਰਸ਼ਾਦ ਵੰਡਿਆ

ਜਸਵੀਰ ਸਿੰਘ ਮਣਕੂ
ਲੁਧਿਆਣਾ, 13 ਨਵੰਬਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਗਲੀ ਨੰਬਰ-3 ਵਿੱਚ ਸ੍ਰੀ ਰਾਧਾ-ਕ੍ਰਿਸ਼ਨ ਮੰਦਰ ਵੱਲੋਂ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਪ੍ਰਭਾਤ ਫੇਰੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਪ੍ਰਭਾਤ ਫੇਰੀ ਲਾਲ ਚੰਦ ਜਿੰਦਲ ਦੇ ਗ੍ਰਹਿ ਵਿਖੇ ਪਹੁੰਚੀ, ਜਿੱਥੇ ਪਰਿਵਾਰਕ ਮੈਂਬਰਾਂ ਵੱਲੋਂ ਸੰਗਤਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਪ੍ਰਭਾਤ ਫੇਰੀ ਦੇ ਪਹੁੰਚਣ 'ਤੇ ਪੂਰਾ ਮਾਹੌਲ ਮਾਤਾ ਰਾਣੀ ਦੀ ਭਗਤੀ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ।



ਇਸ ਮੌਕੇ ਸ਼ਰਧਾਲੂਆਂ ਵੱਲੋਂ ਮਾਤਾ ਰਾਣੀ ਦੀਆਂ ਸੁੰਦਰ ਭੇਟਾਂ ਅਤੇ ਭਜਨ ਗਾਏ ਗਏ। 'ਚੱਲੋ ਬੁਲਾਵਾ ਆਇਆ ਹੈ, ਮਾਤਾ ਨੇ ਬੁਲਾਇਆ ਹੈ' ਅਤੇ 'ਮੇਰੀ ਮਾਂ ਦੇ ਦਰ ਤੇ ਭਗਤਾਂ ਦਾ ਮੇਲਾ ਲੱਗਦਾ' ਵਰਗੀਆਂ ਭੇਟਾਂ ਨਾਲ ਸੰਗਤਾਂ ਨੇ ਭਗਤੀ ਦਾ ਆਨੰਦ ਮਾਣਿਆ। ਭਜਨਾਂ ਦੀ ਗੂੰਜ ਨਾਲ ਇਲਾਕੇ ਵਿੱਚ ਧਾਰਮਿਕ ਮਾਹੌਲ ਬਣਿਆ ਰਿਹਾ ਅਤੇ ਸ਼ਰਧਾਲੂ ਮਾਤਾ ਰਾਣੀ ਦੀ ਮਹਿਮਾ ਦਾ ਗੁਣਗਾਨ ਕਰਦੇ ਰਹੇ।

ਇਸ ਮੌਕੇ ਲਾਲ ਚੰਦ ਜਿੰਦਲ ਦੇ ਪਰਿਵਾਰ ਵੱਲੋਂ ਪ੍ਰਭਾਤ ਫੇਰੀ ਵਿੱਚ ਸ਼ਾਮਲ ਸੰਗਤਾਂ ਲਈ ਚਾਹ ਦਾ ਲੰਗਰ ਲਗਾਇਆ ਗਿਆ ਅਤੇ ਸ਼ਰਧਾ ਭਾਵਨਾ ਨਾਲ ਪ੍ਰਸ਼ਾਦ ਵੰਡਿਆ ਗਿਆ। ਸੰਗਤਾਂ ਨੇ ਮਾਤਾ ਰਾਣੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਪਰਿਵਾਰ ਅਤੇ ਸਮੁੱਚੀ ਸੰਗਤ ਦੀ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

ਪ੍ਰਭਾਤ ਫੇਰੀ ਵਿੱਚ ਲਾਲ ਚੰਦ ਜਿੰਦਲ, ਵਰਿੰਦਰ ਜਿੰਦਲ, ਭੂਸ਼ਣ ਜਿੰਦਲ, ਡੇਵਿਸ਼ ਤਾਇਲ, ਲਵਿਸ਼ ਤਾਇਲ, ਲਲਿਤ ਜਿੰਦਲ ਅਤੇ ਪ੍ਰਵੇਸ਼ ਜਿੰਦਲ ਸਮੇਤ ਇਲਾਕੇ ਦੇ ਹੋਰ ਸ਼ਰਧਾਲੂ ਮੌਜੂਦ ਰਹੇ। ਇਸ ਮੌਕੇ ਸ੍ਰੀ ਰਾਧਾ-ਕ੍ਰਿਸ਼ਨ ਮੰਦਰ ਦੇ ਪੁਜਾਰੀ ਲੇਖਨਾਥ ਪਾਠਕ, ਪ੍ਰਧਾਨ ਮੁਨੀਸ਼ ਸਿੰਗਲਾ, ਚੇਅਰਮੈਨ ਅਨਿਲ ਸ਼ਰਮਾ, ਕੈਸ਼ੀਅਰ ਸੁਰੇਸ਼ ਲੇਖੀ, ਸੰਕੀਰਤਨ ਪ੍ਰਧਾਨ ਕੁਨਾਲ ਮੋਦੀ ਅਤੇ ਲੰਗਰ ਪ੍ਰਧਾਨ ਯੋਗੇਸ਼ ਭਾਰਦਵਾਜ ਵੀ ਮੌਜੂਦ ਰਹੇ।

ਜਿਉਂਦੇ ਜੀ ਆਪਣੇ ਮੌਤ ਉਪਰੰਤ ਆਪਣੇ ਸਰੀਰ ਨੂੰ ਮੈਡੀਕਲ ਖੋਜਾਂ ਕਾਰਜਾਂ ਲਈ ਦਾਨ ਕੀਤਾ

ਸਾਂਝੀ ਖ਼ਬਰ

ਜਸਵੀਰ ਸਿੰਘ ਮਣਕੂ
ਲੁਧਿਆਣਾ, 13 ਨਵੰਬਰ

ਡੇਰਾ ਸੱਚਾ ਸੌਦਾ ਦੀ ਪਵਿੱਤਰ ਪ੍ਰੇਰਨਾ ਤਹਿਤ ਲੁਧਿਆਣਾ ਦੇ ਬਲਾਕ ਸਰੀਂਹ ਦੇ ਏਰੀਆ ਪਿੰਡ ਖੇੜੀ ਦੇ ਡੇਰਾ ਸ਼ਰਧਾਲੂ ਮਾਤਾ ਸੁਖਦੇਵ ਕੌਰ ਇੰਸਾਂ ਪਤਨੀ ਹਰਬੰਸ ਸਿੰਘ ਇੰਸਾਂ ਨੇ ਸਰੀਰਦਾਨੀਆਂ 'ਚ ਆਪਣਾ ਨਾਂਅ ਸੁਨਹਿਰੀ ਅੱਖਰਾਂ 'ਚ ਦਰਜ ਕਰਵਾਇਆ ਹੈ, ਜਿਨ੍ਹਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ ਕੀਤੀ ਗਈ ਹੈ।



ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮਾਤਾ ਸੁਖਦੇਵ ਕੌਰ ਇੰਸਾਂ ਨੇ ਪੂਜਨੀਕ ਗੁਰੂ ਸੰਤ ਡਾਂ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀਆਂ ਪਵਿੱਤਰ ਪ੍ਰੇਰਨਾ ਨਾਲ ਜਿਉਂਦੇ ਜੀ ਆਪਣੇ ਮੌਤ ਉਪਰੰਤ ਆਪਣੇ ਸਰੀਰ ਨੂੰ ਮੈਡੀਕਲ ਖੋਜਾਂ ਕਾਰਜਾਂ ਲਈ ਦਾਨ ਕਰਨ ਦੇ ਫਾਰਮ ਭਰੇ ਹੋਏ ਸਨ। ਉਨ੍ਹਾਂ ਦੀ ਇਹ ਇੱਛਾ ਨੂੰ ਪੂਰਾ ਕਰਦਿਆਂ ਪਰਿਵਾਰ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਐੱਫ. ਐੱਚ. ਮੈਡੀਕਲ ਕਾਲਜ, ਏਤਮਾਦਪੁਰ-ਆਗਰਾ , ਉੱਤਰ ਪ੍ਰਦੇਸ਼ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤੀ। ਫੁੱਲਾਂ ਨਾਲ ਸਜਾਈ ਐਂਬੂਲੈਂਸ 'ਚ ਮਾਤਾ ਸੁਖਦੇਵ ਕੌਰ ਇੰਸਾਂ ਦੀ ਮ੍ਰਿਤਕ ਦੇਹ ਨੂੰ ਰੱਖ ਕੇ ਮੈਡੀਕਲ ਖੋਜ ਕਾਰਜਾਂ ਲਈ ਰਵਾਨਾ ਕੀਤਾ ਗਿਆ। ਇਸ ਮੌਕੇ 'ਮਾਤਾ ਗੁਰਮੇਲ ਕੌਰ ਇੰਸਾਂ ਅਮਰ ਰਹੇ' ਦੇ ਨਾਅਰਿਆਂ ਨਾਲ ਸਰੀਰਦਾਨੀ ਨੂੰ ਅੰਤਿਮ ਵਿਦਾਈ ਦਿੱਤੀ । ਇਸ ਮੌਕੇ ਸਰੀਰਦਾਨੀ ਦੀਆਂ ਧੀਆਂ ਨੇ ਉਹਨਾਂ ਦੀ ਅਰਥੀ ਨੂੰ ਮੋਢਾ ਦਿੱਤਾ।

ਸ਼ਲਾਘਾ ਯੋਗ ਫੈਸਲਾ:-

ਸਰਪੰਚ ਰਘਵੀਰ ਸਿੰਘ ਨੇ ਕਿਹਾ ਕਿ ਉਹਨਾਂ ਦੇ ਪਿੰਡ ਵਿੱਚ ਇਹ ਪਹਿਲਾ ਸਰੀਰ ਦਾਨ ਕੀਤਾ ਗਿਆ ਹੈ | ਉਹਨਾਂ ਕਿਹਾ ਕਿ ਭੈਣ ਸੁਖਦੇਵ ਕੌਰ ਇੰਸਾਂ ਬੜੇ ਹੀ ਨਿੱਗੇ, ਮਿੱਠੇ ਸਵਾਦੇ ਮਾਲਕ ਸਨ ਜਿੱਥੇ ਵੀ ਉਹਨਾਂ ਦੀ ਲੋੜ ਪੈਂਦੀ ਸੀ ਉਹ ਲੋੜ ਅਨੁਸਾਰ ਉੱਥੇ ਖੜਦੇ ਸਨ, ਅਤੇ ਨਾਲ ਹੀ ਉਹਨਾਂ ਨੇ ਪਰਿਵਾਰ ਦਾ ਧੰਨਵਾਦ ਕੀਤਾ ਕਿ ਉਹਨਾਂ ਨੇ ਸਰੀਰ ਦਾਨ ਕਰਕੇ ਇਸ ਸਮਾਜ ਨੂੰ ਇੱਕ ਚੰਗੀ ਵਧੀਆ ਨਸੀਹਤ ਦਿੱਤੀ ਹੈ ਤੇ ਉਹ ਪੂਜਨੀਕ ਗੁਰੂ ਜੀ ਵੱਲੋਂ ਸਰੀਰਦਾਨ ਦੀ ਜੋ ਮੁਹਿੰਮ ਚਲਾਈ ਗਈ ਹੈ ਉਹ ਸ਼ਲਾਘਾਯੋਗ ਹੈ। ਇਸ ਨਾਲ ਮੈਡੀਕਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਵੀਆਂ ਆ ਰਹੀਆਂ ਬਿਮਾਰੀਆਂ 'ਤੇ ਖੋਜਾਂ ਕਰਨ ਦੀ ਸਹੂਲਤ ਮਿਲੇਗੀ। ਸਮਾਜ ਨੂੰ ਇਸ ਪਾਸੇ ਵੱਲ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਪੂਜਨੀਕ ਗੁਰੂ ਜੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਮੌਕੇ ਬਲਾਕ ਪ੍ਰੇਮੀ ਜਸਵੀਰ ਸਿੰਘ ਇੰਸਾਂ ਅਤੇ ਜਸਪਾਲ ਸਿੰਘ ਇੰਸਾਂ ਨੇ ਦੱਸਿਆ ਕਿ ਹੁਣ ਤੱਕ ਲੁਧਿਆਣਾ ਦੇ ਸਰੀਂਹ ਬਲਾਕ ਵਿੱਚ 3 ਸਰੀਰ ਦਾਨ ਹੋ ਚੁੱਕੇ ਹਨ ਇਹ ਅੱਜ ਚੌਥੇ ਸਰੀਰਦਾਨੀ ਬਣ ਗਏ ਹਨ | ਉਹਨਾਂ ਕਿਹਾ ਕਿ ਜਿੱਥੇ ਮ੍ਰਿਤਕ ਦੇਹ ਨੂੰ ਦਾਨ ਕਰਕੇ ਉਨ੍ਹਾਂ ਦੀ ਅੰਤਿਮ ਇੱਛਾ ਨੂੰ ਪੂਰਾ ਕੀਤਾ ਹੈ, ਉੱਥੇ ਹੀ ਮਾਨਵਤਾ 'ਤੇ ਵੀ ਵੱਡਾ ਪਰਉਪਕਾਰ ਕੀਤਾ ਹੈ। ਕਿਉਂਕਿ ਇਹਨਾਂ ਦੇ ਮ੍ਰਿਤਕ ਸਰੀਰ 'ਤੇ ਹੋਈਆਂ ਖੋਜਾਂ ਅੱਗੇ ਜਾ ਕੇ ਕਿਸੇ ਨਾ ਕਿਸੇ ਰੂਪ ਵਿੱਚ ਮਨੁੱਖਤਾ ਲਈ ਜਰੂਰ ਲਾਹੇਵੰਦ ਹੋਣਗੀਆ |

ਇਸ ਮੌਕੇ ਪਰਿਵਾਰਕ ਮੈਂਬਰ ਰਣਜੀਤ ਸਿੰਘ ਇੰਸਾਂ (ਭਰਾ) ਨਿਰਭੈ ਸਿੰਘ ਇੰਸਾਂ (ਪੁੱਤਰ), ਬਲਵਿੰਦਰ ਕੌਰ ਇੰਸਾਂ (ਨੂੰਹ), ਕੁਲਵਿੰਦਰ ਕੌਰ ਇੰਸਾਂ (ਬੇਟੀ) ਜਸਵਿੰਦਰ ਕੌਰ ਇੰਸਾਂ (ਬੇਟੀ) ਇਸ ਤੋਂ ਇਲਾਵਾ ਸਟੇਟ ਕਮੇਟੀ ਮੈਂਬਰ, ਸੱਚੇ ਨਮਰ ਸੇਵਾਦਾਰ ਸੱਤਿਆ ਦੇਵ ਇੰਸਾਂ , ਜ਼ਿੰਮੇਵਾਰ ਤੇ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈੱਲਫੇਅਰ ਕਮੇਟੀ ਦੇ ਸੇਵਾਦਾਰਾਂ ਸਮੇਤ ਵੱਡੀ ਗਿਣਤੀ 'ਚ ਸਾਧ-ਸੰਗਤ, ਰਿਸ਼ਤੇਦਾਰ ਤੇ ਮੁਹੱਲਾ ਵਾਸੀ ਹਾਜ਼ਰ ਸਨ।

ਟੀਮ ਦ ਇਮੀਗ੍ਰੇਸ਼ਨ ਗੁਰੂਜ਼ ਨੇ ਚੰਗੀ ਸਿਹਤ, ਖੁਸ਼ਹਾਲੀ ਅਤੇ ਹੋਰ ਵੱਡੀਆਂ ਕਾਮਯਾਬੀਆਂ ਦੀ ਕੀਤੀ ਕਾਮਨਾ

ਸਾਂਝੀ ਖ਼ਬਰ

ਸੁਖਵਿੰਦਰ ਸੋਹੀ
ਕਰਨਾਲ

ਦ ਇਮੀਗ੍ਰੇਸ਼ਨ ਗੁਰੂਜ਼ ਦੇ ਸੰਸਥਾਪਕ ਸ੍ਰੀ ਧੀਰਜ ਗਾਂਧੀ ਦੇ ਜਨਮਦਿਨ ਮੌਕੇ ਸੰਸਥਾ ਦੀ ਸਮੁੱਚੀ ਟੀਮ ਵੱਲੋਂ ਉਨ੍ਹਾਂ ਨੂੰ ਨਿੱਘੀਆਂ ਅਤੇ ਦਿਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਖਾਸ ਮੌਕੇ 'ਤੇ ਟੀਮ ਦੇ ਮੈਂਬਰਾਂ ਨੇ ਉਨ੍ਹਾਂ ਦੀ ਲੰਬੀ ਉਮਰ, ਚੰਗੀ ਸਿਹਤ, ਖੁਸ਼ਹਾਲੀ ਅਤੇ ਜੀਵਨ ਵਿੱਚ ਨਵੀਆਂ ਉਚਾਈਆਂ ਹਾਸਲ ਕਰਨ ਦੀ ਕਾਮਨਾ ਕੀਤੀ।



ਟੀਮ ਦ ਇਮੀਗ੍ਰੇਸ਼ਨ ਗੁਰੂਜ਼ ਵੱਲੋਂ ਜਾਰੀ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਵਿੱਚ ਕਿਹਾ ਗਿਆ ਕਿ ਧੀਰਜ ਗਾਂਧੀ ਲਈ ਆਉਣ ਵਾਲਾ ਸਾਲ ਸਫਲਤਾਵਾਂ, ਖੁਸ਼ੀਆਂ ਅਤੇ ਨਵੇਂ ਮੌਕਿਆਂ ਨਾਲ ਭਰਪੂਰ ਹੋਵੇ। ਉਨ੍ਹਾਂ ਨੇ ਕਿਹਾ ਕਿ ਜਨਮਦਿਨ ਕਿਸੇ ਵੀ ਵਿਅਕਤੀ ਦੇ ਜੀਵਨ ਦਾ ਇੱਕ ਖਾਸ ਦਿਨ ਹੁੰਦਾ ਹੈ ਅਤੇ ਇਸ ਮੌਕੇ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਸਹਿਯੋਗੀਆਂ ਵੱਲੋਂ ਮਿਲਣ ਵਾਲੀਆਂ ਸ਼ੁਭਕਾਮਨਾਵਾਂ ਇਸ ਖੁਸ਼ੀ ਨੂੰ ਹੋਰ ਵੀ ਯਾਦਗਾਰ ਬਣਾ ਦਿੰਦੀਆਂ ਹਨ।

ਟੀਮ ਦੇ ਮੈਂਬਰਾਂ ਨੇ ਧੀਰਜ ਗਾਂਧੀ ਨੂੰ ਸੰਸਥਾ ਦੇ ਸੰਸਥਾਪਕ ਵਜੋਂ ਸਨਮਾਨ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਜੀਵਨ ਵਿੱਚ ਮਿਹ

ਕਰਨਾਲ ਪਹੁੰਚੇ ਸੀਨੀਅਰ ਵਕੀਲ ਅਨਮੋਲ ਰਤਨ ਸਿੱਧੂ, ਵਕੀਲ ਸਾਥੀਆਂ ਨੇ ਕੀਤਾ ਸ਼ਾਨਦਾਰ ਸਵਾਗਤ

ਸਾਂਝੀ ਖ਼ਬਰ

ਕਾਨੂੰਨੀ ਖੇਤਰ ਵਿੱਚ ਵਿਸ਼ੇਸ਼ ਪਛਾਣ ਰੱਖਣ ਵਾਲੇ ਅਨਮੋਲ ਰਤਨ ਸਿੱਧੂ ਦੇ ਆਉਣ 'ਤੇ ਵਕੀਲਾਂ ਵਿੱਚ ਦਿਖਿਆ ਭਾਰੀ ਉਤਸ਼ਾਹ



ਸੁਖਵਿੰਦਰ ਸੋਹੀ।
ਕਰਨਾਲ,

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ, ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਅਤੇ ਕਈ ਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਹਿ ਚੁੱਕੇ ਅਨਮੋਲ ਰਤਨ ਸਿੱਧੂ ਅੱਜ ਕਰਨਾਲ ਪਹੁੰਚੇ। ਉਨ੍ਹਾਂ ਦੇ ਕਰਨਾਲ ਆਗਮਨ 'ਤੇ ਸਥਾਨਕ ਵਕੀਲ ਸਾਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਵਕੀਲਾਂ ਵਿੱਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲਿਆ।

ਇਸ ਮੌਕੇ ਅਧਿਵਕਤਾਵਾਂ ਨੇ ਅਨਮੋਲ ਰਤਨ ਸਿੱਧੂ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਵਕੀਲਾਂ ਨੇ ਕਿਹਾ ਕਿ ਅਨਮੋਲ ਰਤਨ ਸਿੱਧੂ ਨੇ ਆਪਣੀਆਂ ਲੰਬੀਆਂ ਕਾਨੂੰਨੀ ਸੇਵਾਵਾਂ, ਤਜਰਬੇ ਅਤੇ ਕਾਰਜਸ਼ੈਲੀ ਰਾਹੀਂ ਨਿਆਂਇਕ ਖੇਤਰ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਉਨ੍ਹਾਂ ਦਾ ਤਜਰਬਾ ਨੌਜਵਾਨ ਵਕੀਲਾਂ ਲਈ ਪ੍ਰੇਰਨਾ ਸਰੋਤ ਹੈ।

ਅਨਮੋਲ ਰਤਨ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਵਕੀਲ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਕਾਲਤ ਸਿਰਫ਼ ਇੱਕ ਕਿੱਤਾ ਨਹੀਂ, ਸਗੋਂ ਸਮਾਜ ਅਤੇ ਨਿਆਂ ਪ੍ਰਣਾਲੀ ਪ੍ਰਤੀ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਵਕੀਲਾਂ ਨੂੰ ਹਮੇਸ਼ਾ ਸੰਵਿਧਾਨ, ਕਾਨੂੰਨ ਅਤੇ ਨਿਆਂ ਦੇ ਬੁਨਿਆਦੀ ਸਿਧਾਂਤਾਂ ਦਾ ਸਤਿਕਾਰ ਕਰਦਿਆਂ ਲੋੜਵੰਦ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਨਿਆਂ ਪ੍ਰਣਾਲੀ ਵਿੱਚ ਵਕੀਲਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਇੱਕ ਵਕੀਲ ਦਾ ਫਰਜ਼ ਸਿਰਫ਼ ਆਪਣੇ ਮੁਵੱਕਿਲ ਦਾ ਪੱਖ ਰੱਖਣਾ ਹੀ ਨਹੀਂ, ਸਗੋਂ ਨਿਆਂਇਕ ਪ੍ਰਕਿਰਿਆ ਦੀ ਮਰਿਆਦਾ ਨੂੰ ਕਾਇਮ ਰੱਖਣਾ ਵੀ ਹੈ।

ਉਨ੍ਹਾਂ ਦੇ ਕਰਨਾਲ ਆਗਮਨ ਨਾਲ ਸਥਾਨਕ ਵਕੀਲਾਂ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਰਿਹਾ। ਇਸ ਮੌਕੇ ਵੱਡੀ ਗਿਣਤੀ ਵਿੱਚ ਵਕੀਲ ਮੌਜੂਦ ਰਹੇ ਅਤੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਵਿਚਾਰ ਸਾਂਝੇ ਕੀਤੇ।

ਗੁਰਦੁਆਰਾ ਰਾਜ ਕਰੇਗਾ ਖਾਲਸਾ ਸਾਹਿਬ ਪਿੰਡ ਡਾਚਰ ਵਿਖੇ ਨਵੇਂ ਨਾਮ ਘਰ ਦੀ ਸੇਵਾ ਸ਼ੁਰੂ

ਸੁਖਵਿੰਦਰ ਸੋਹੀ
ਡਾਚਰ ਨਿਸਿੰਗ

ਪਿੰਡ ਡਾਚਰ ਸਥਿਤ ਗੁਰਦੁਆਰਾ ਰਾਜ ਕਰੇਗਾ ਖਾਲਸਾ ਸਾਹਿਬ ਵਿਖੇ ਨਵੇਂ ਨਾਮ ਘਰ ਦੀ ਉਸਾਰੀ ਲਈ ਸੇਵਾ ਸ਼ੁਰੂ ਹੋ ਗਈ ਹੈ। ਇਸ ਪਵਿੱਤਰ ਕਾਰਜ ਦੀ ਸ਼ੁਰੂਆਤ ਨਾਲ ਇਲਾਕੇ ਦੀਆਂ ਸੰਗਤਾਂ ਵਿੱਚ ਖੁਸ਼ੀ ਅਤੇ ਉਤਸ਼ਾਹ ਪਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਿਖੇ ਨਵੇਂ ਨਾਮ ਘਰ ਦੀ ਉਸਾਰੀ ਦਾ ਮਕਸਦ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਾ ਅਤੇ ਧਾਰਮਿਕ ਗਤੀਵਿਧੀਆਂ ਲਈ ਹੋਰ ਵਧੀਆ ਪ੍ਰਬੰਧ ਕਰਨਾ ਹੈ।


ਇਸ ਮੌਕੇ ਬਾਬਾ ਗੁਰਮੀਤ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰੂ ਘਰ ਦੀ ਸੇਵਾ ਕਰਨਾ ਬਹੁਤ ਵੱਡਾ ਸੁਭਾਗ ਹੈ। ਗੁਰੂ ਸਾਹਿਬ ਦੀ ਕਿਰਪਾ ਨਾਲ ਹੀ ਮਨੁੱਖ ਨੂੰ ਸੇਵਾ ਕਰਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਨਵੇਂ ਨਾਮ ਘਰ ਦੀ ਉਸਾਰੀ ਦਾ ਇਹ ਕਾਰਜ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹੀ ਸਫਲਤਾਪੂਰਵਕ ਨੇਪਰੇ ਚੜ੍ਹ ਸਕਦਾ ਹੈ।



ਬਾਬਾ ਗੁਰਮੀਤ ਸਿੰਘ ਜੀ ਨੇ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਸਮਰੱਥਾ ਅਨੁਸਾਰ ਇਸ ਮਹਾਨ ਸੇਵਾ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਸੇਵਾ ਛੋਟੀ ਜਾਂ ਵੱਡੀ ਨਹੀਂ ਹੁੰਦੀ, ਸਗੋਂ ਸ਼ਰਧਾ ਅਤੇ ਭਾਵਨਾ ਨਾਲ ਕੀਤੀ ਸੇਵਾ ਹੀ ਸਭ ਤੋਂ ਵੱਡੀ ਹੁੰਦੀ ਹੈ। ਉਨ੍ਹਾਂ ਸੰਗਤਾਂ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਕਰਨ ਦੀ ਬੇਨਤੀ ਕੀਤੀ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਸਿੱਖੀ ਪ੍ਰਚਾਰ, ਗੁਰਬਾਣੀ ਅਤੇ ਸੇਵਾ-ਸਿਮਰਨ ਦੇ ਕੇਂਦਰ ਹਨ। ਇਸ ਲਈ ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਘਰ ਦੀ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਵੇ।

ਅੰਤ ਵਿੱਚ ਬਾਬਾ ਗੁਰਮੀਤ ਸਿੰਘ ਜੀ ਨੇ ਦੇਸ਼-ਵਿਦੇਸ਼ ਵਿੱਚ ਵੱਸਦੀਆਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਕਾਰਜ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ, ਤਾਂ ਜੋ ਨਵੇਂ ਨਾਮ ਘਰ ਦੀ ਉਸਾਰੀ ਦਾ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਸੰਪੂਰਨ ਹੋ ਸਕੇ



ਜਾਣਦਾ ਨਿਆਣਾ ਤੇ ਸਿਆਣਾ ਬੱਲੀਏ 'ਪਰਗਟ' ਦਾ ਗੜ੍ਹ ਜਲੰਧਰ ਆਲਾ ਥਾਣਾ ਬੱਲੀਏ

ਸਾਂਝੀ ਖ਼ਬਰ

ਅਸ਼ੋਕ ਵਰਮਾ

ਬਠਿੰਡਾ , 13 ਨਵੰਬਰ 2026: ਪੰਜਾਬ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਮੌਕੇ ਜਲੰਧਰ ਛਾਉਣੀ ਹਲਕਾ ਕਾਂਗਰਸ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਲਈ ਚੁਣੌਤੀ ਬਣ ਸਕਦਾ ਹੈ। ਇਸ ਹਲਕੇ ਤੋਂ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਲਗਾਤਾਰ ਤਿੰਨ ਵਾਰ ਵਿਧਾਇਕ ਬਣ ਚੁੱਕੇ ਹਨ । ਹੁਣ 2027 'ਚ ਪਰਗਟ ਸਿੰਘ ਜਿੱਥੇ ਆਪਣਾ ਗੜ੍ਹ ਬਚਾਉਣ ਲਈ ਮੈਦਾਨ 'ਚ ਉੱਤਰਨਗੇ ਉੱਥੇ ਹੀ ਆਮ ਆਦਮੀ ਪਾਰਟੀ , ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸਾਬਕਾ ਹਾਕੀ ਉਲੰਪੀਅਨ ਖਿਲਾਫ ਸਿਆਸੀ ਗੋਲ ਕਰਨ ਲਈ ਮਜਬੂਤ ਚੁਣੌਤੀ ਨਾਲ ਮੈਦਾਨ 'ਚ ਨਿੱਤਰਨ ਦੀ ਤਿਆਰੀ ਵਿੱਚ ਹਨ। ਉਂਜ ਇਹ ਵੀ ਜਿਕਰਯੋਗ ਹੈ ਕਿ ਜੇਕਰ ਅਕਾਲੀ ਦਲ ਅਤੇ ਭਾਜਪਾ 'ਚ ਸੰਭਾਵੀ ਗਠਜੋੜ ਨੇਪਰੇ ਚੜ੍ਹਦਾ ਹੈ ਤਾਂ ਚੋਣ ਮੈਦਾਨ ਚੋਂ ਇੱਕ ਸਿਆਸੀ ਧਿਰ ਘਟਣ ਦੇ ਅਨੁਮਾਨ ਲਾਏ ਜਾ ਰਹੇ ਹਨ। ਕਾਂਗਰਸ ਪਾਰਟੀ ਨੇ ਅਜੇ ਤੱਕ ਪਰਗਟ ਸਿੰਘ ਦਾ ਨਾਮ ਉਮੀਦਵਾਰ ਵਜੋਂ ਐਲਾਨਿਆ ਨਹੀਂ ਹੈ।

ਇਸ ਦੇ ਬਾਵਜੂਦ ਹਲਕੇ 'ਚ ਇਹੋ ਮੰਨਿਆ ਜਾ ਰਿਹਾ ਹੈ ਕਿ ਪਰਗਟ ਸਿੰਘ ਤੋਂ ਮਜਬੂਤ ਕਾਂਗਰਸੀ ਉਮੀਦਵਾਰ ਮਿਲਣਾ ਅਸੰਭਵ ਹੈ। ਹਾਕਮ ਧਿਰ ਆਮ ਆਦਮੀ ਪਾਰਟੀ ਨੇ ਹਲਕਾ ਇੰਚਾਰਜ ਦੀਪਕ ਬਾਲੀ ਨੂੰ ਉਮੀਦਵਾਰ ਬਣਾਕੇ ਇਸ ਹਲਕੇ ਤੋਂ ਅਗੇਤੀ ਸਿਆਸੀ ਸ਼ਤਰੰਜ ਵਿਛਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਸਬੰਧੀ ਫਿਲਹਾਲ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ ਪਰ ਭਾਜਪਾ ਤਰਫੋਂ ਦਾਅਵੇਦਾਰਾਂ 'ਚ ਆਮ ਆਦਮੀ ਪਾਰਟੀ ਛੱਡਕੇ ਬੀਜੇਪੀ 'ਚ ਸ਼ਾਮਲ ਹੋਏ ਰਾਜ ਸਭਾ ਮੈਂਬਰ



ਅਸ਼ੋਕ ਮਿੱਤਲ , ਜਗਬੀਰ ਸਿੰਘ ਬਰਾੜ ਅਤੇ ਸਰਬਜੀਤ ਸਿੰਘ ਮੱਕੜ ਤੋਂ ਇਲਾਵਾ ਅਮਿਤ ਤਨੇਜਾ ਪ੍ਰਮੁੱਖ ਸੰਭਾਵੀ ਉਮੀਦਵਾਰ ਮੰਨੇ ਜਾ ਰਹੇ ਹਨ। ਜਲੰਧਰ ਛਾਉਣੀ ਹਲਕੇ 'ਚ ਚੋਣ ਮੁਹਿੰਮ ਸਥਾਨਕ ਸਮੱਸਿਆਵਾਂ , ਕੂੜਾ, ਬਿਜਲੀ ਦੀ ਓਵਰਲੋਡਿੰਗ , ਪੁਰਾਣੇ ਟਰਾਂਸਫਾਰਮਰ, ਸੜਕਾਂ , ਨਸ਼ਿਆਂ ਦਾ ਮਾਮਲਾ , ਬੰਦ ਤੇ ਪੁਰਾਣਾ ਸੀਵਰੇਜ , ਪੇਂਡੂ ਵਿਕਾਸ ਅਤੇ ਕਥਿਤ ਨਜਾਇਜ ਮਾਈਨਿੰਗ ਦੇ ਇਰਦ ਗਿਰਦ ਰਹਿਣ ਦੀ ਸੰਭਾਵਨਾ ਹੈ।

ਜਲੰਧਰ ਛਾਉਣੀ ਦੇ ਵਹੀ ਖਾਤਿਆਂ ਅਨੁਸਾਰ 2022 'ਚ ਪਰਗਟ ਸਿੰਘ ਨੇ 40 ਹਜ਼ਾਰ 816 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ ਸੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਉਲੰਪੀਅਨ ਤੇ ਸਾਬਕਾ ਐਸਐਸਪੀ ਸੁਰਿੰਦਰ ਸਿੰਘ ਸੋਢੀ ਨੂੰ 35 ਹਜ਼ਾਰ 8 ਵੋਟਾਂ ਪਈਆਂ ਸਨ ਅਤੇ ਜਿੱਤ ਹਾਰ ਦਾ ਫਰਕ 5808 ਵੋਟਾਂ ਰਿਹਾ ਸੀ। ਇਸ ਮੌਕੇ ਛਾਉਣੀ ਹਲਕੇ 'ਚ ਕੁੱਲ 1 ਲੱਖ 93 ਹਜ਼ਾਰ 992 ਵੋਟਾਂ ਸਨ। ਹਾਲਾਂਕਿ 'ਐਸਆਈਆਰ' ਕਾਰਨ 2027 'ਚ ਵੋਟਾਂ ਦੀ ਗਿਣਤੀ ਇਸ ਤੋਂ ਵੱਖਰੀ ਹੋ ਸਕਦੀ ਹੈ। ਸਾਲ 2017 'ਚ ਪਰਗਟ ਸਿੰਘ ਨੇ ਕਾਂਗਰਸ ਦੀ ਟਿਕਟ 'ਤੇ 59,349 ਵੋਟਾਂ ਲੈਕੇ ਅਕਾਲੀ ਉਮੀਦਵਾਰ ਸਰਬਜੀਤ ਸਿੰਘ ਮੱਕੜ ਨੂੰ 29 ਹਜ਼ਾਰ 124 ਵੋਟਾਂ ਦੇ ਫਰਕ ਨਾਲ ਹਰਾਇਆ ਸੀ ਜਦੋਂਕਿ 2012 'ਚ ਉਨ੍ਹਾਂ ਅਕਾਲੀ ਦਲ ਤਰਫੋਂ ਜਿੱਤ ਪ੍ਰਾਪਤ ਕੀਤੀ ਸੀ। ਇਸੇ ਤਰਾਂ ਉਹ 2012 ਤੋਂ ਲਗਾਤਾਰ ਛਾਉਣੀ ਹਲਕੇ ਦੀ ਪ੍ਰਤੀਨਿਧਤਾ ਕਰ ਰਹੇ ਹਨ।

ਹੁਣ ਇੱਕ ਨਜ਼ਰ ਦਿੱਕਤਾਂ ਦੀ ਮਾਰੀਏ ਤਾਂ ਸਾਹਮਣੇ ਆਉਂਦਾ ਹੈ ਕਿ ਪੇਂਡੂ ਖੇਤਰਾਂ 'ਚ ਸੀਵਰੇਜ਼ ਦਾ ਪੁਰਾਣਾ ਢਾਂਚਾ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ। ਹਲਕਾ ਵਾਸੀਆਂ ਅਨੁਸਾਰ ਬਿਜਲੀ ਬੰਦ ਹੋਣ ਨਾਲ ਗੰਦੇ ਪਾਣੀ ਦੀ ਨਿਕਾਸੀ ਪ੍ਰਭਾਵਿਤ ਹੁੰਦੀ ਹੈ ਜੋ ਜਲਭਰਾਅ ਦਾ ਕਾਰਨ ਬਣਦੀ ਹੈ। ਘਰ ਘਰ ਚੋਂ ਕੂੜਾ ਇਕੱਤਰ ਕਰਨ ਅਤੇ ਉਸ ਦੇ ਸਥਾਈ ਨਿਪਟਾਰੇ ਦੇ ਪ੍ਰਬੰਧਾਂ ਨੂੰ ਲੈਕੇ ਵੀ ਕਈ ਪ੍ਰਕਾਰ ਦੇ ਸਵਾਲ ਹਨ। ਨਗਰਨਿਗਮ 'ਚ ਸ਼ਾਮਲ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਵੀ ਇਨ੍ਹਾਂ ਚੋਣਾਂ ਤਾ ਅਹਿਮ ਮੁੱਦਾ ਬਣੇਗਾ। ਇਸ ਸਰਕਾਰ 'ਚਉਹ ਪੇਂਡੂ ਇਲਾਕਿਆਂ 'ਚ ਕਥਿਤ ਤੌਰ 'ਤੇ ਨਜਾਇਜ ਮਾਈਨਿੰਗ ਦਾ ਮੁੱਦਾ ਵੀ ਚੁੱਕ ਰਹੇ ਹਨ। ਉਨ੍ਹਾਂ ਅਨੁਸਾਰ ਇਸ ਤਰਾਂ ਜਮੀਨ ਦੇ ਪੱਧਰ 'ਚ ਤਬਦੀਲੀ ਅਤੇ ਕੁੱਝ ਥਾਈਂ ਧਰਤੀ ਧਸਣ ਵਰਗੀ ਸਥਿਤੀ ਬਣੀ ਹੈ। ਉਹ ਇਨ੍ਹਾਂ ਗਤੀਵਿਧੀਆਂ 'ਤੇ ਪ੍ਰਭਾਵੀ ਢੰਗ ਨਾਲ ਰੋਕ ਦੀ ਮੰਗ ਕਰ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਪਰਗਟ ਸਿੰਘ ਵੱਲੋਂ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਹੋਏ ਬੁਨਿਆਦੀ ਢਾਂਚੇ ਅਤੇ ਸੜਕਾਂ ਦੇ ਕੰਮਾਂ ਨੂੰ ਆਪਣੀ ਉਪਲਬਧੀਆਂ ਦੱਸਿਆ ਜਾ ਰਿਹਾ ਹੈ। ਉਨ੍ਹਾਂ ਵੱਲੋਂ 66 ਫੁੱਟ ਰੋਡ ਅਤੇ ਮੈਕਡਾਨਲਡ ਤੋਂ ਛਾਉਣੀ ਨੂੰ ਜੋੜਨ ਵਾਲੀ ਸੜਕ ਨੂੰ ਵੀ ਆਪਣੇ ਪ੍ਰਮੁੱਖ ਕਾਰਜਾਂ ਚੋਂ ਇੱਕ ਦੱਸਿਆ ਜਾ ਰਿਹਾ ਹੈ। ਇੱਕ ਕਾਂਗਰਸੀ ਆਗੂ ਦਾ ਕਹਿਣਾ ਸੀ ਕਿ ਨਜਾਇਜ ਕਲੌਨੀਆਂ 'ਤੇ ਕਾਰਵਾਈ ਕਰਨ ਨਾਲ ਲੋਕਾਂ ਨੂੰ ਭਵਿੱਖ ਦੀਆਂ ਪ੍ਰੇਸ਼ਾਨੀਆਂ ਤੋਂ ਬਚਾਉਣ ਦੇ ਯਤਨ ਕੀਤੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇੱਕ ਹੋਰ ਮਹੱਤਵਪੂਰਨ ਸੜਕ ਦੀ ਯੋਜਨਾ ਤਿਆਰ ਕਰਕੇ ਅੱਗੇ ਵਧਾਈ ਗਈ ਹੈ। ਵਿਧਾਇਕ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਵੱਲੋਂ ਵਿਕਾਸ ਦੇ ਮਾਮਲੇ 'ਚ ਲੁੜੀਂਦਾ ਸਹਿਯੋਗ ਨਹੀਂ ਮਿਲਿਆ ਹੈ। ਵਿਧਾਇਕ ਆਖਦੇ ਹਨ ਕਿ ਪੰਜਾਬ 'ਚ ਕਾਂਗਰਸ ਦੀ ਸਰਕਾਰ ਆਉਣ 'ਤੇ ਹਲਕੇ 'ਚ ਵਿਕਾਸ ਕਾਰਜਾਂ ਦੀਆਂ ਅਗਲੀਆਂ ਪਿਛਲੀਆਂ ਸਾਰੀਆਂ ਕਸਰਾਂ ਕੱਢੀਆਂ ਜਾਣਗੀਆਂ।

ਸਭਨਾਂ ਧਿਰਾਂ ਅੱਗੇ ਚੁਣੌਤੀਆਂ

ਪਰਗਟ ਸਿੰਘ ਕੁੱਝ ਸਮਾਂ ਪਹਿਲਾਂ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਾਏ ਗਏ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰਧਾਨਗੀ ਮਿਲਣ ਨਾਲ ਪਰਗਟ ਸਿੰਘ ਦਾ ਸਿਆਸੀ ਕੱਦ ਉੱਚਾ ਹੋਇਆ ਹੈ ਜੋ ਉਸ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬ ਦੀ ਜਿੰਮੇਵਾਰੀ ਹੋਣ ਕਰਕੇ ਉਹ ਹਲਕੇ ਤੋਂ ਦੂਰ ਵੀ ਹੋਣਗੇ ਜਿਸ ਨਾਲ ਸਿਆਸੀ ਨੁਕਸਾਨ ਦੀ ਸੰਭਾਵਨਾ ਵੀ ਹੈ। ਉਨ੍ਹਾਂ ਕਿਹਾ ਕਿ ਪਰਗਟ ਸਿੰਘ ਲਈ ਚੌਥੀ ਜਿੱਤ ਅਤੇ ਵਿਰੋਧੀਆਂ ਲਈ ਉਨ੍ਹਾਂ ਨੂੰ ਹਰਾਉਣਾ ਵਿਰੋਧੀਆਂ ਲਈ ਚੁਣੌਤੀ ਹੈ

ਪੀ.ਐਮ. ਇੰਟਰਨਸ਼ਿਪ ਸਕੀਮ ਅਧੀਨ 6-9 ਮਹੀਨੇ ਦਾ ਇੰਟਰਨਸ਼ਿਪ ਪ੍ਰੋਗਰਾਮ ਸ਼ੁਰੂ

ਸਾਂਝੀ ਖ਼ਬਰ

(ਜਸਵੀਰ ਸਿੰਘ ਮਣਕੂ)
ਲੁਧਿਆਣਾ, 13 ਨਵੰਬਰ

ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਉਰੋ, ਲੁਧਿਆਣਾ ਦੇ ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ (ਪੀ.ਐਮ.) ਇੰਟਰਨਸ਼ਿਪ ਸਕੀਮ ਅਧੀਨ 6-9 ਮਹੀਨੇ ਦਾ ਇੰਟਰਨਸ਼ਿਪ ਪ੍ਰੋਗਰਾਮ ਸੁਰੂ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਗ੍ਰੈਜੂਏਟ ਪਾਸ ਕੋਈ ਵੀ ਪ੍ਰਾਰਥੀ ਜਿਹਨਾ ਦੀ ਉਮਰ 18 ਤੋਂ 25 ਸਾਲ ਹੈ, ਅਪਲਾਈ ਕਰ ਸਕਦੇ ਹਨ। ਯੋਗ ਪ੍ਰਾਰਥੀ



pminternship.mca.gov.in ਵੈਬਸਾਈਟ 'ਤੇ ਜਾ ਕੇ ਅਪਲਾਈ ਕਰ ਸਕਦੇ ਹਨ। ਇਸ ਇੰਟਰਨਸ਼ਿਪ ਪ੍ਰੋਗਰਾਮ ਦੌਰਾਨ ਪ੍ਰਾਰਥੀ 9000 ਰੁਪਏ ਦੀ ਮਹੀਨੇਵਾਰ ਅਸਿਸਟੈਂਟ ਅਤੇ 6000 ਰੁਪਏ ਵਨ ਟਾਈਮ ਗ੍ਰਾਂਟ ਪਾ ਸਕਦੇ ਹਨ।

ਇਸ ਇੰਟਰਨਸ਼ਿਪ ਪ੍ਰੋਗਰਾਮ ਤੋਂ ਬਾਅਦ ਪ੍ਰਾਰਥੀਆਂ ਨੂੰ ਬਹੁ-ਖੇਤਰ ਵਿੱਚ ਨੌਕਰੀ ਕਰਨ ਦਾ ਮੌਕਾ ਮਿਲ ਸਕਦਾ ਹੈ। ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਉਰੋ, ਪ੍ਰਤਾਪ ਚੌਂਕ, ਸਾਹਮਣੇ ਸੰਗੀਤ ਸਿਨੇਮਾ, ਲੁਧਿਆਣਾ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਟੋਲ ਫਰੀ ਨੰਬਰ 1800116090 'ਤੇ ਸਪੰਰਕ ਕੀਤਾ ਜਾ ਸਕਦਾ ਹੈ।

ਮੱਛੀ ਪਾਲਣ ਰਾਹੀਂ ਸਵੈ ਰੁਜਗਾਰ ਦੀਆਂ ਸੰਭਾਵਨਾਵਾਂ ਤੇ ਐਕਸਟੈਂਸ਼ਨ ਲੈ

ਆਪਣੀਆਂ ਮੰਗਾਂ ਨੂੰ ਲੈ ਕੇ ਹਸਲਾ ਪ੍ਰਤੀਨਿੱਧ ਮੰਡਲ ਜਿਲਾ ਸਿੱਖਿਆ ਅਧਿਕਾਰੀ ਨੂੰ ਮਿਲਿਆ

ਸਾਂਝੀ ਖ਼ਬਰ

ਤਨਖਾਹ,ਮੈਡੀਕਲ ਬਜਟ ਦੀ ਮੰਗ, ਲੰਬਿਤ ਐਲ ਟੀ ਸੀ ਤੇ ਏ ਸੀ ਪੀ ਕੇਸਾਂ ਦਾ ਜਲਦੀ ਹੱਲ, ਅਧਿਆਪਕਾਂ ਤੇ ਚੌਕੀਦਾਰਾਂ ਦੀ ਘਾਟ ਦਾ ਮੁੱਦਾ ਵੀ ਉਠਾਇਆ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

13 ਨਵੰਬਰ : ਹਰਿਆਣਾ ਸਕੂਲ ਲੈਕਚਰਾਰ ਐਸੋਸੀਏਸ਼ਨ ਦੇ ਇਕ ਵਫਦ ਨੇ ਜਿਲਾ ਪ੍ਰਧਾਨ ਡਾ ਤਰਸੇਮ ਕੌਸ਼ਿਕ ਦੀ ਅਗਵਾਈ ਹੇਠ ਜਿਲਾ ਸਿੱਖਿਆ ਅਧਿਕਾਰੀ ਸੁਧੀਰ ਕਾਲੜਾ ਨਾਲ ਮੁਲਾਕਾਤ ਕੀਤੀ ਤੇ ਜਿਲੇ ਦੇ ਅਧਿਆਪਕਾਂ ੇ ਸਕੂਲਾਂ ਨਾਲ ਜੁੜੇ ਕਈ ਮਹੱਤਵਪੂਰਨ ਮੁੱਦਿਆਂ ਨੂੰ ਉਨਾਂ ਸਾਹਮਣੇ ਦਿੱਸਆ। ਵਫਦ ਨੇ ਉਨਾਂ ਨੂੰ ਵਿਭਾਗੀ ਕੰਮ ਕਾਜ ਤੇ ਵਿਹਾਰਕ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਜਰੂਰੀ ਕਦਮ ਚੁੱਕਣ ਦੀ ਅਪੀਲ ਕੀਤੀ। ਡਾ ਕੌਸ਼ਿਕ ਨੇ ਕਿਹਾ ਕਿ ਅਧਿਆਪਕਾਂ ਦੀਆਂ ਤਨਖਾਹਾਂ, ਡਾਕਟਰੀ ਅਦਾਇਗੀਆਂ ਤੇ ਹੋਰ ਜਰੂਰੀ ਵਿੱਤੀ ਚੀਜਾਂ ਲਈ ਬੇਲੋੜੀ ਦੇਰੀ ਅਧਿਆਪਕਾਂ ਲਈ ਵਿੱਤੀ ਮੁਸ਼ਕਿਲਾਂ ਦਾ ਕਾਰਨ ਬਣ ਰਹੀ ਹੈ। ਉਨਾਂ ਜਿਲਾ ਸਿੱਖਿਆ ਅਧਿਕਾਰੀ ਨੂੰ ਸਕੂਲਾਂ ਦੀਆਂ ਬਜਟ ਸੰਬੰਧੀ ਜਰੂਰਤਾਂ ਦਾ ਮੁਲਾਂਕਣ ਕਰਨ ਤੇ ਸਮੇਂ ਸਿਰ ਲੋੜੀਂਦੀ ਵੰਡ ਯਕੀਨੀ ਬਨਾਉਣ ਦੀ ਅਪੀਲ ਕੀਤੀ। ਤਾਂ ਜੋ ਅਧਿਆਪਕਾਂ ਨੂੰ ਤਨਖਾਹਾਂ ਤੇ ਹੋਰ ਵਿੱਤੀ ਲਾਭਾਂ ਲਈ ਬੇਲੋੜੀ ਉਡੀਕ ਨਾ ਕਰਨੀ ਪਵੇ। ਉਨਾਂ ਕਿਹਾ ਕਿ ਸਾਰੇ ਲੰਬਿਤ ਕੇਸਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਏ। ਵਫਦ ਨੇ ਵੱਖ ਵੱਖ ਸਕੂਲਾਂ ਵਿਚ ਵਿਸ਼ੇ ਅਨੁਸਾਰ ਅਧਿਆਪਕਾਂ ਦੀ ਘਾਟ ਦਾ ਮੁੱਦਾ ਵੀ ਉਠਾਇਆ। ਡਾ ਕੌਸ਼ਿਕ ਨੇ ਕਿਹਾ ਕਿ ਜਿਲਾਂ ਸਕੂਲਾਂ ਵਿਚ ਅਧਿਆਪਨ ਸਟਾਫ ਜਾਂ ਕਿਸੇ ਹੋਰ ਕਰਨ ਵੱਸ ਪੜਾਈ ਪ੍ਰਭਾਵਿਤ ਹੋ ਰਹੀ ਹੈ ਉਥੇ ਵਿਦਿਆਰਥੀਆਂ ਦੇ ਵਿਦਿਅਕ ਹਿੱਤਾਂ ਨੂੰ ਧਿਆਨ ਵਿਚ ਰਖੱਦੇ ਹੋਏ ਉਪਲਭਦ ਸਟਾਫ ਨਾਲ ਢੁਕਵੇਂ ਪ੍ਰਬੰਧ ਕੀਤੇ ਜਾਣ ਤਾਂ ਜੋ ਪੜਾਈ ਸੁਚਾਰੂ ਢੰਗ ਨਾਲ ਹੋ ਸਕੇ। ਜਿਲਾ ਸਿੱਖਿਆ ਅਧਿਕਾਰੀ ਸੁਧੀਰ ਕਾਲੜਾ ਨੇ ਸਾਰੇ ਮਹੱਤਵਪੂਰਨ ਮੁੱਦਿਆਂ ਨੂੰ ਗੰਭੀਰਤਾ ਨਾਲ ਲਿਆ ਤੇ ਉਨਾਂ ਦੇ ਹੱਲ ਲਈ ਲੋੜੀਂਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਹਸਲਾ ਪ੍ਰਧਾਨ ਡਾ ਤਰਸੇਮ ਕੌਸ਼ਿਕ ,ਰਾਮੇਸ਼ਵਰ ਦਾਸ, ਜਸਬੀਰ ਕੌਰ, ਸਤਪਾਲ ਸਿੰਘ ਤੇ ਹੋਰ ਮੈਂਬਰ ਮੌਜੂਦ ਸਨ।

ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਰਯਾਤ ਬਾਹਰਾ ਯੂਨੀਵਰਸਿਟੀ ਵੱਲੋਂ ਪਿੰਡ ਬਹਾਦਰਪੁਰ ਬਾਹੀਆਂ ਵਿੱਚ ਰੈਲੀ

ਸਾਂਝੀ ਖ਼ਬਰ

ਵਿਦਿਆਰਥੀਆਂ ਨੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦਿਆਂ ਨਸ਼ਾ ਮੁਕਤ ਸਮਾਜ ਸਿਰਜਣ ਦਾ ਦਿੱਤਾ ਸੰਦੇਸ਼



ਹੁਸ਼ਿਆਰਪੁਰ, 13 ਨਵੰਬਰ (ਤਰਸੇਮ ਦੀਵਾਨਾ)

ਸਮਾਜ ਵਿੱਚ ਦਿਨੋਂ-ਦਿਨ ਵਧ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਗੰਭੀਰ ਸਮਾਜਿਕ ਬੁਰਾਈ ਤੋਂ ਬਚਾਉਣ ਲਈ ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵੱਲੋਂ ਪਿੰਡ ਬਹਾਦਰਪੁਰ ਬਾਹੀਆਂ ਵਿਖੇ ਨਸ਼ਾ ਮੁਕਤੀ ਜਾਗਰੂਕਤਾ ਰੈਲੀ ਕੱਢੀ ਗਈ। ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵੱਲੋਂ ਕਰਵਾਈ ਗਈ ਇਸ ਰੈਲੀ ਦਾ ਮੁੱਖ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਖ਼ਤਰਨਾਕ ਨਤੀਜਿਆਂ ਤੋਂ ਜਾਣੂ ਕਰਵਾਉਣਾ ਅਤੇ ਨੌਜਵਾਨਾਂ ਨੂੰ ਸਿਹਤਮੰਦ ਤੇ ਅਨੁਸ਼ਾਸਿਤ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਸੀ।

ਰੈਲੀ ਦੌਰਾਨ ਵਿਦਿਆਰਥੀਆਂ ਨੇ ਪਿੰਡ ਦੇ ਵੱਖ-ਵੱਖ ਇਲਾਕਿਆਂ ਵਿੱਚ ਪਹੁੰਚ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ। ਇਸ ਮੌਕੇ 47 ਵਿਦਿਆਰਥੀਆਂ ਅਤੇ ਇੱਕ ਅਧਿਆਪਕ ਨੇ ਭਾਗ ਲੈਂਦਿਆਂ ਲੋਕਾਂ ਨੂੰ ਸਮਝਾਇਆ ਕਿ ਨਸ਼ਿਆਂ ਦੀ ਲਤ ਨਾ ਸਿਰਫ਼ ਮਨੁੱਖੀ ਸਿਹਤ ਨੂੰ ਤਬਾਹ ਕਰਦੀ ਹੈ, ਸਗੋਂ ਪਰਿਵਾਰਕ ਖੁਸ਼ਹਾਲੀ, ਸਮਾਜਿਕ ਰਿਸ਼ਤਿਆਂ ਅਤੇ ਨੌਜਵਾਨਾਂ ਦੇ ਭਵਿੱਖ ਉੱਤੇ ਵੀ ਬਹੁਤ ਮਾੜਾ ਅਸਰ ਪਾਉਂਦੀ ਹੈ। ਵਿਦਿਆਰਥੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ ਪ੍ਰਤੀ ਸੁਚੇਤ ਰਹਿਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਨੌਜਵਾਨਾਂ ਨੂੰ ਸਹੀ ਦਿਸ਼ਾ ਦਿਖਾਉਣ।

ਇਸ ਮੌਕੇ ਵਿਦਿਆਰਥੀਆਂ ਨੇ ਇਹ ਸੰਦੇਸ਼ ਵੀ ਦਿੱਤਾ ਕਿ ਨਸ਼ਿਆਂ ਵਿਰੁੱਧ ਲੜਾਈ ਕੇਵਲ ਸਰਕਾਰ ਜਾਂ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ, ਬਲਕਿ ਸਮਾਜ ਦੇ ਹਰੇਕ ਵਰਗ ਨੂੰ ਇਸ ਮੁਹਿੰਮ ਵਿੱਚ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਲੋਕਾਂ ਦੇ ਸਹਿਯੋਗ ਅਤੇ ਸਮੂਹਿਕ ਯਤਨਾਂ ਨਾਲ ਹੀ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਸੰਭਵ ਹੈ।

ਇਹ ਜਾਗਰੂਕਤਾ ਮੁਹਿੰਮ ਯੂਨੀਵਰਸਿਟੀ ਦੀਆਂ ਰਾਸ਼ਟਰੀ ਸੇਵਾ ਯੋਜਨਾ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਸਬੰਧਤ ਗਤੀਵਿਧੀਆਂ ਅਧੀਨ ਕਰਵਾਈ ਗਈ। ਰੈਲੀ ਦਾ ਆਯੋਜਨ ਵਾਈਸ ਚਾਂਸਲਰ ਡਾ. ਚੰਦਰ ਮੋਹਨ ਅਤੇ ਵਿਭਾਗ ਮੁਖੀ ਡਾ. ਪ੍ਰਿਯੰਕਾ ਪੁਰੀ ਦੀ ਅਗਵਾਈ ਹੇਠ ਕੀਤਾ ਗਿਆ, ਜਦਕਿ ਇਸ ਦੀ ਜ਼ਿੰਮੇਵਾਰੀ ਇਤਿਹਾਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਜਤਿੰਦਰ ਕੁਮਾਰ ਨੇ ਨਿਭਾਈ।

ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਦਾ ਫਰਜ਼ ਸਿਰਫ਼ ਵਿਦਿਆਰਥੀਆਂ ਨੂੰ ਪੜ੍ਹਾਈ ਤੱਕ ਸੀਮਤ ਰੱਖਣਾ ਨਹੀਂ, ਸਗੋਂ ਉਨ੍ਹਾਂ ਨੂੰ ਸਮਾਜ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣਾਉਣਾ ਵੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਨੌਜਵਾਨਾਂ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਕਾਂਗਰਸ ਚੌਪਾਲ 15 ਨਵੰਬਰ ਨੂੰ ਆਜਾਦ ਨਗਰ ਤੇ ਬਾਰਨਾ ਵਿਚ ਆਯੋਜਿਤ ਹੋਵੇਗੀ= ਅਸ਼ੋਕ ਅਰੋੜਾ

ਸਾਂਝੀ ਖ਼ਬਰ

ਸੰਸਦ ਮੈਂਬਰ ਦੀਪੇਂਦਰ ਹੁੱਡਾ ਵੋਟ ਬਚਾਓ ਦੇਸ਼ ਬਚਾਓ ਪ੍ਰੋਗਰਾਮ ਨੂੰ ਸੰਬੋਧਨ ਕਰਨਗੇ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

13 ਨਵੰਬਰ : ਕਾਂਗਰਸ ਦੇ ਵੋਟ ਬਚਾਓ ਦੇਸ਼ ਬਚਾਓ ਪ੍ਰੋਗਰਾਮ ਦੇ ਹਿੱਸੇ ਵਜੋਂ 15 ਨਵੰਬਰ ਨੂੰ ਆਜਾਦ ਨਗਰ ਤੇ ਇਕ ਚੌਪਾਲ ਦਾ ਆਯੋਜਨ ਕੀਤਾ ਜਾਏਗਾ। ਜਿਸ ਵਿਚ ਰੋਹਤਕ ਦੇ ਸੰਸਦ ਮੈਂਬਰ ਦੀਪੇਂਦਰ ਹੁੱਡਾ ਲੋਕਾਂ ਨੂੰ ਸੰਬੋਧਨ ਕਰਨਗੇ। ਇਹ ਜਾਣਕਾਰੀ ਦਿੰਦੇ ਹੋਏ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਤੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਜਲੇਸ਼ ਸ਼ਰਮਾ ਨੇ ਵਰਕਰਾਂ ਦੀ ਮੀਟਿੰਗ ਵਿਚ ਦਿੱਤੀ ਤੇ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਾਈਆਂ। ਵਿਧਾਇਕ ਅਸ਼ੋਕ ਅਰੋੜਾ ਨੇ ਦਿੱਸਆ ਕਿ ਕਾਂਗਰਸ ਨੇ ਦੇਸ਼ ਭਰ ਵਿਚ ਵੋਟ ਬਚਾਓ ਦੇਸ਼ ਪ੍ਰੋਗਰਾਮ ਸ਼ੁਰੂ ਕੀਤਾ ਹੈ । ਇਸ ਪਹਿਲਕਦਮੀ ਤਹਿਤ ਪਿੰਡਾਂ ਤੇ ਵਾਰਡਾਂ ਵਿਚ ਚੌਪਾਲ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਰਾਹੁਲ ਗਾਂਧੀ ਨੇ ਦੇਸ਼ ਲਾਇਆ ਹੈ ਕਿ 2024 ਵਿਚ ਭਾਜਪਾ ਵੋਟਾਂ ਚੋਰੀ ਕਰਕੇ ਸੱਤਾ ਵਿਚ ਆਈ ਹੈ ਤੇ ਹੁਣ ਹਰ ਰੋਜ ਨਵੇਂ ਖੁਲਾਸੇ ਹੋ ਰਹੇ ਹਨ। ਉਨਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਨੇ ਭਾਜਪਾ ਦੀ ਕਠਪੁੱਤਲੀ ਬਣ ਕੇ ਭਾਜਪਾ ਨੂੰ ਵੋਟਾਂ ਚੋਰੀ ਕਰਕੇ ਸੱਤਾ ਵਿਚ ਆਉਣ ਦੀ ਮਦੱਦ ਕੀਤੀ ਹੈ। ਅਰੋੜਾ ਨੇ ਕਿਹਾ ਕਿ ਭਾਜਪਾ ਨੂੰ ਲੋਕਤੰਤਰ ਵਿਚ ਭਰੋਸਾ ਨਹੀਂ ਹੈ,ਸੰਵਿਧਾਨਕ ਸੰਸਥਾਵਾਂ ਤਬਾਹ ਹੋ ਰਹੀਆਂ ਹਨ। ਅੱਜ ਦੇਸ਼ ਦੇ ਲੋਕਤੰਤਰ ਨੂੰ ਖਤਰਾ ਹੈ ਤੇ ਇਸ ਨੂੰ ਬਚਾਉਣ ਲਈ ਕਾਂਗਰਸ ਸੰਸਦ ਤੋਂ ਲੈ ਕੇ ਸੜਕਾਂ ਤਕ ਲੜਾਈ ਲੜ ਰਹੀ ਹੈ। ਯੂਥ ਕਾਂਗਰਸ ਦੇ ਜਿਲਾ ਪ੍ਰਧਾਨ ਕੁਲਦੀਪ ਢਿੱਲੋਂ ਹਥੀਰਾ ਵਰਕਰਾਂ ਨਾਲ ਘਰ ਘਰ ਜਾ ਕੇ ਲੋਕਾਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦੇ ਰਹੇ ਹਨ । ਉਨਾਂ ਕਿਹਾ ਕਿ ਲੋਕ ਇਸ ਪ੍ਰੋਗਰਾਮ ਲਈ ਬਹੁਤ ਉਤਸ਼ਾਹਿਤ ਹਨ। ਉਨਾਂ ਕਿਹਾ ਕਿ ਇਹ ਚੌਪਾਲ ਪ੍ਰੋਗਰਾਮ ਪਹਿਲੀ ਨਵੰਬਰ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਜੱਦੀ ਪਿੰਡ ਮੰਗੋਲੀ ਜਾਂਟਾਨ ਤੋਂ ਸ਼ੁਰੂ ਹੋਇਆ ਸੀ।

ਸਲਾਨਾ ਸਪੋਰਟਸ ਮੀਟ ਦਾ ਆਯੋਜਨ 14 ਨਵੰਬਰ ਨੂੰ

ਸਾਂਝੀ ਖ਼ਬਰ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 13

ਨਵੰਬਰ ਸਤਲੁਜ ਸੀਨੀਅਰ ਸੰਕੈਡਰੀ ਸਕੂਲ ਦੇ ਸਾਲਾਨਾ ਖੇਡ ਮੇਲੇ ਦਾ ਆਯੋਜਨ 14 ਨਵੰਬਰਨੂੰ ਹੋਵੇਗਾ। ਇਹ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਡਾ ਆਰ ਐਸ ਘੁੰਮਣ ਨੇ ਦਿੱਸਆ ਕਿ ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਡਾ ਗੁਲਸ਼ਨ ਕਵਾਤਰਾ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਡਾ ਘੁੰਮਣ ਨੇ ਕਿਹਾ ਕਿ ਖੇਡ ਮੇਲੇ ਦਾ ਉਦੇਸ਼ ਵਿਦਿਆਰਥੀਆਂ ਵਿਚ ਖੇਡ ਭਾਵਨਾ, ਅਨੁਸ਼ਾਸ਼ਨ,ਆਤਮ ਵਿਸ਼ਵਾਸ਼ ਤੇ ਟੀਮ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਮੇਲੇ ਦੌਰਾਨ ਵਿਦਿਆਰਥੀ ਵੱਖ ਵੱਖ ਖੇਡ ਮੁਕਾਬਲਿਆਂ ਵਿਚ ਆਪਣੀ



ਪ੍ਰਤਿਭਾ ਤੇ ਐਥਲੈਟਿਕਸ ਹੁਨਰ ਦਾ ਪ੍ਰਦਰਸ਼ਨ ਕਰਨਗੇ। ਉਨਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਤੇ ਉਨਾਂ ਨੂੰ ਜੀਵਨ ਸਿੰਘ ਸਿਹਤਮੰਦ ਮੁਕਾਬਲੇ ਤੇ ਸਹਿਯੋਗ ਦੀ ਭਾਵਨਾ ਸਿਖਾਉਂਦੀਆਂ ਹਨ ਤੇ ਜੀਵਨ ਵਿਚ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ।

ਸ਼ਾਹਬਾਦ ਸਹਿਕਾਰੀ ਖੰਡ ਮਿੱਲ ਦਾ ਪਿੜਾਈ ਸੀਜਨ 24 ਨਵੰਬਰ ਤੋਂ ਸ਼ੁਰੂ ਹੋਵੇਗਾ= ਡਾ ਇੰਦਰਜੀਤ

ਸਾਂਝੀ ਖ਼ਬਰ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

13 ਨਵੰਬਰ : ਸ਼ਾਹਬਾਦ ਸਹਿਕਾਰੀ ਖੰਡ ਮਿੱਲ ਦੇ ਪ੍ਰਬੰਧ ਨਿਰਦੇਸ਼ਕ ਡਾ ਇੰਦਰਜੀਤ ਨੇ ਮਿੱਲ ਖੇਤਰ ਦੇ ਅਗਾਂਹਵਧੂ ਕਿਸਾਨਾਂ ਨਾਲ ਇਕ ਮੀਟਿੰਗ ਕੀਤੀ ਤੇ ਉਨਾਂ ਨੂੰ ਮਿੱਲ ਵਲੋਂ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਜਿਨਾਂ ਵਿਚ ਗੰਨੇ ਨੂੰ ਬੰਨਣ , ਐਡਵਾਂਸ ਕਲੈਡਰਿੰਗ, ਤੇ ਐਡਵਾਂਸ ਟੋਕਨ ਪ੍ਰਣਾਲੀ ਸ਼ਾਮਲ ਹੈ। ਉਨਾਂ ਨੇ ਕਿਸਾਨਾਂ ਨਾਲ 4 ਫੁੱਟ ਵਿਧੀ ਦੀ ਵਰਤੋਂ ਕਰਕੇ ਵੱਧ ਤੋਂ ਵੱਧ ਕਤਾਰਾਂ ਵਿਚ ਗੰਨੇ ਦੀ ਬਿਜਾਈ ਕਰਕੇ ਗੰਨੇ ਦੇ ਖੇਤਰ ਤੇ ਉਪਜ ਨੂੰ ਵਧਾਉਣ ਤੇ ਸੁਧਰੀਆਂ ਗੰਨੇ ਦੀਆਂ ਕਿਸਮਾਂ ਬਾਰੇ ਚਰਚਾ ਕੀਤੀ । ਉਨਾਂ ਕਿਹਾ ਕਿ ਮਿੱਲ ਦਾ ਪਿੜਾਈ ਸੀਜਨ 2026,27 24 ਨਵੰਬਰ ਨੂੰ ਸ਼ੁਰੂ ਹੋਵੇਗਾ। ਐਮ ਡੀ ਡਾ ਇੰਦਰਜੀਤ ਨੇ ਕਿਸਾਨਾਂ ਨੂੰ ਕਿਹਾ ਕਿ ਉਨਾਂ ਨੂੰ ਸਮੇਂ ਸਿਰ ਲੇਬਰ ਦਾ ਇੰਤਜਾਮ ਕਰ ਲੈਣਾ ਚਾਹੀਦਾ ਹੈ। ਉਨਾਂ ਕਿਹਾ ਕਿ ਕਿਸਾਨਾਂ ਨੂੰ ਇਸ ਸਾਲ ਗੰਨੇ ਦੀਆਂ ਸਲਿਪਾਂ ਦੀ ਅਗਾਊ ਕਲੈਡਰਿੰਗ ਤੇ ਜਲਦੀ ਅਦਾਇਗੀ ਬਾਰੇ ਵੀ ਜਾਣਕਾਰੀ ਦਿੱਤੀ। ਉਨਾਂ ਨੇ ਕਿਸਾਨਾਂ ਨੂੰ ਗੰਨੇ ਦੀ ਫਸਲ ਬਾਰੇ ਕਿਸੇ ਵੀ ਜਾਣਕਾਰੀ ਲਈ ਗੰਨਾ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ। ਮੀਟਿੰਗ ਤੋਂ ਬਾਅਦ ਉਨਾਂ ਨੇ ਮਿੱਲ ਵਲੋਂ ਖਰੀਦੀ ਗਈ ਗੰਨਾ ਹਾਰਵੈਸਟਰ ਮਸ਼ੀਨ ਵੀ ਦਿਖਾਈ ਤੇ ਇਸ ਦੀ ਵਰਤੋਂ ਕਰ ਕੇ ਗੰਨੇ ਦੀ ਕਟਾਈ ਦੇ ਲਾਭਾਂ ਬਾਰੇ ਦਿੱਸਆ। ਇਸ ਮੌਕੇ ਮੁੱਖ ਇੰਜਨੀਅਰ ਸਤਬੀਰ ਸਿੰਘ, ਗੰਨਾ ਵਿਭਾਗ ਦੇ ਅਧਿਕਾਰੀ ਅਸ਼ੋਕ ਕੁਮਾਰ ਤੇ ਹਰਜੀਤ ਸਿੰਘ ਮੌਜੂਦ ਸਨ।

ਲਾਲਾ ਸਰਕਾਰੂ ਮਲ ਸਰਵਹਿੱਤਕਾਰੀ ਵਿਦਿਆ ਮੰਦਰ ਖੰਨਾ ਦੇ ਸਾਲਾਨਾ ਸਮਾਗਮ 20 ਨਵੰਬਰ ਨੂੰ

ਸਾਂਝੀ ਖ਼ਬਰ

20 ਨਵੰਬਰ ਨੂੰ ਸਕੂਲ ਕੈਂਪਸ ਵਿੱਚ ਹੋਵੇਗਾ ਸਾਲਾਨਾ ਸਮਾਗਮ, ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਪ੍ਰਾਪਤੀਆਂ ਦੀ ਹੋਵੇਗੀ ਪੇਸ਼ਕਾਰੀ*



ਜਸਵੀਰ ਸਿੰਘ ਮਣਕੂ
ਖੰਨਾ, 13 ਨਵੰਬਰ:

ਲਾਲਾ ਸਰਕਾਰੂ ਮਲ ਸਰਵ-ਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ, ਖੰਨਾ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੂੰ ਸਕੂਲ ਦੇ ਸਾਲਾਨਾ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ ਗਿਆ। ਸਕੂਲ ਦੇ ਪ੍ਰਿੰਸੀਪਲ ਡਾ. ਮਨੋਜ ਕੁਮਾਰ ਵੱਲੋਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੂੰ ਭੇਜੇ ਗਏ ਸੱਦਾ ਪੱਤਰ ਰਾਹੀਂ ਉਨ੍ਹਾਂ ਨੂੰ 20 ਨਵੰਬਰ, ਦਿਨ ਸ਼ੁੱਕਰਵਾਰ ਨੂੰ ਸਕੂਲ ਕੈਂਪਸ ਵਿੱਚ ਕਰਵਾਏ ਜਾ ਰਹੇ ਸਾਲਾਨਾ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ ਗਈ ਹੈ।ਸਕੂਲ ਪ੍ਰਬੰਧਕਾਂ ਅਨੁਸਾਰ ਇਸ ਸਾਲਾਨਾ ਸਮਾਗਮ ਦੌਰਾਨ ਵਿਦਿਆਰਥੀਆਂ ਦੀ ਕਲਾ, ਪ੍ਰਤਿਭਾ, ਵਿਦਿਅਕ ਪ੍ਰਾਪਤੀਆਂ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਪੇਸ਼ ਕੀਤਾ ਜਾਵੇਗਾ। ਸਕੂਲ ਪ੍ਰਬੰਧਕਾਂ ਨੇ ਉਮੀਦ ਜਤਾਈ ਕਿ ਕੈਬਨਿਟ ਮੰਤਰੀ ਦੀ ਸ਼ਮੂਲੀਅਤ ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਲਈ ਪ੍ਰੇਰਣਾਦਾਇਕ ਸਾਬਤ ਹੋਵੇਗੀ। ਉਨ੍ਹਾਂ ਦੇ ਵਿਚਾਰਾਂ ਅਤੇ ਮਾਰਗਦਰਸ਼ਨ ਨਾਲ ਵਿਦਿਆਰ-ਥੀਆਂ ਨੂੰ

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ 'ਮੇਰਾ ਘਰ, ਮੇਰੇ ਨਾਮ' ਯੋਜਨਾ ਤਹਿਤ ਪਿੰਡ ਬਾਹੋਮਾਜਰਾ ਵਿੱਚ 175 ਪਰਿਵਾਰਾਂ ਨੂੰ ਸੌਂਪੇ ਪ੍ਰਾਪਰਟੀ ਕਾਰਡ

ਸਾਂਝੀ ਖ਼ਬਰ

*ਲਾਲ ਲਕੀਰ ਦੇ ਅੰਦਰ ਰਹਿਣ ਵਾਲੇ ਯੋਗ ਪਰਿਵਾਰਾਂ ਨੂੰ ਮਿਲਿਆ ਆਪਣੇ ਘਰਾਂ ਦਾ ਮਾਲਕੀ ਹੱਕ, ਸਾਲਾਂ ਪੁਰਾਣੀ ਮੰਗ ਹੋਈ ਪੂਰੀ



ਜਸਵੀਰ ਸਿੰਘ ਮਣਕੂ
ਖੰਨਾ, 13 ਨਵੰਬਰ:

ਪੰਜਾਬ ਸਰਕਾਰ ਦੀ 'ਮੇਰਾ ਘਰ, ਮੇਰੇ ਨਾਮ' ਯੋਜਨਾ ਤਹਿਤ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਪਿੰਡ ਬਾਹੋਮਾਜਰਾ ਵਿਖੇ ਕਰਵਾਏ ਗਏ ਸਮਾਗਮ ਦੌਰਾਨ 175 ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ। ਇਸ ਪਹਿਲਕਦਮੀ ਨਾਲ ਲਾਲ ਲਕੀਰ ਦੇ ਅੰਦਰ ਸਾਲਾਂ ਤੋਂ ਰਹਿ ਰਹੇ ਯੋਗ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਮਾਲਕੀ ਦਾ ਦਸਤਾਵੇਜ਼ੀ ਸਬੂਤ ਮਿਲਿਆ।

ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਜਿਨ੍ਹਾਂ ਘਰਾਂ ਵਿੱਚ ਪਰਿਵਾਰਾਂ ਦੀਆਂ ਕਈ ਪੀੜ੍ਹੀਆਂ ਰਹਿੰਦੀਆਂ ਆਈਆਂ ਹਨ, ਉਨ੍ਹਾਂ ਘਰਾਂ ਦੀ ਮਾਲਕੀ ਦਾ ਦਸਤਾਵੇਜ਼ੀ ਸਬੂਤ ਮਿਲਣਾ ਹਰ ਪਰਿਵਾਰ ਲਈ ਬੇਹੱਦ ਖੁਸ਼ੀ ਅਤੇ ਸੰਤੁਸ਼ਟੀ ਦਾ ਪਲ ਹੈ। ਆਪਣਾ ਘਰ ਸਿਰਫ਼ ਇੱਟਾਂ ਅਤੇ ਕੰਧਾਂ ਨਾਲ ਬਣੀ ਇਮਾਰਤ ਨਹੀਂ ਹੁੰਦਾ, ਸਗੋਂ ਇਸ ਨਾਲ ਪਰਿਵਾਰ ਦੀ ਮਿਹਨਤ, ਯਾਦਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਜੁੜਿਆ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਬਹੁਤ ਸਾਰੇ ਪਰਿਵਾਰ ਪੀੜ੍ਹੀਆਂ ਤੋਂ ਲਾਲ ਲਕੀਰ ਦੇ ਅੰਦਰ ਆਪਣੇ ਘਰਾਂ ਵਿੱਚ ਰਹਿ ਰਹੇ ਹਨ, ਪਰ ਮਾਲਕੀ ਹੱਕ ਸਬੰਧੀ ਰਸਮੀ ਦਸਤਾਵੇਜ਼ ਨਾ ਹੋਣ ਕਾਰਨ ਉਨ੍ਹਾਂ ਨੂੰ ਕਈ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। 'ਮੇਰਾ ਘਰ, ਮੇਰੇ ਨਾਮ' ਯੋਜਨਾ ਅਜਿਹੇ ਯੋਗ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦਾ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਮੰਤਰੀ ਸੌਂਦ ਨੇ ਕਿਹਾ ਕਿ ਘਰ ਦੀ ਮਾਲਕੀ ਦਾ ਰਿਕਾਰਡ ਸਪੱਸ਼ਟ ਹੋਣ ਨਾਲ ਪਰਿਵਾਰਾਂ ਨੂੰ ਆਪਣੇ ਮਕਾਨਾਂ ਦੀ ਦੇਖਭਾਲ, ਸੁਧਾਰ ਅਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਣ ਵਿੱਚ ਵਧੇਰੇ ਭਰੋਸਾ ਮਿਲਦਾ ਹੈ। ਪੰਜਾਬ ਸਰਕਾਰ ਲੋਕ ਹਿੱਤਾਂ ਨੂੰ ਪਹਿਲ ਦਿੰਦਿਆਂ ਸਰਕਾਰੀ ਭਲਾਈ ਸਕੀਮਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਇਸ ਮੌਕੇ ਨਾਇਬ ਤਹਿਸੀਲਦਾਰ ਗੁਰਚਰਨ ਸਿੰਘ, ਕਾਨੂੰਗੋ ਪਰਮਿੰਦਰ ਸਿੰਘ, ਪਟਵਾਰੀ ਸੰਤ ਰਾਮ, ਸਰਪੰਚ, ਮੰਤਰੀ ਸੌਂਦ ਦੇ ਓਐਸਡੀ ਕਰੁਣ ਅਰੋੜਾ, ਪੀਏ ਮਹੇਸ਼ ਕੁਮਾਰ, ਬਲਾਕ ਸੰਮਤੀ ਖੰਨਾ ਦੇ ਚੇਅਰਮੈਨ ਲਖਵੀਰ ਸਿੰਘ ਗਿੱਲ, ਮਾਰਕੀਟ ਕਮੇਟੀ ਦੇ ਚੇਅਰਮੈਨ ਜਗਤਾਰ ਸਿੰਘ ਗਿੱਲ, ਯੂਥ ਵਿੰਗ ਹਲਕਾ ਖੰਨਾ ਦੇ ਪ੍ਰਧਾਨ ਅਮਰਿੰਦਰ ਸਿੰਘ ਰੰਧਾਵਾ, ਟਰੇਡ ਵਿੰਗ ਖੰਨਾ ਦੇ ਪ੍ਰਧਾਨ ਵਿਕਾਸ ਭਾਟੀਆ, ਕਿਸਾਨ ਵਿੰਗ ਹਲਕਾ ਪ੍ਰਧਾਨ ਬਿੱਟੂ ਲਿਬੜਾ, ਹਲਕਾ ਕੋਆਰਡੀਨੇਟਰ ਵਰਿੰਦਰ ਸਿੰਘ ਜੋਤੀ, ਅਮਰਿੰਦਰ ਸਿੰਘ ਚਾਹਲ, ਬਲਾਕ ਪ੍ਰਧਾਨ ਸੰਜੀਵ ਕੁਮਾਰ, ਬਲਾਕ ਪ੍ਰਧਾਨ ਰੁਪਿੰਦਰ ਸਿੰਘ, ਬਲਾਕ ਪ੍ਰਧਾਨ ਗੁਰਮੁਖ ਸਿੰਘ, ਮੰਤਰੀ ਸੌਂਦ ਦੇ ਮੀਡੀਆ ਇੰਚਾਰਜ ਕਰਨ ਵਰਮਾ ਸਮੇਤ ਹੋਰ ਪਤਵੰਤੇ, ਪਾਰਟੀ ਵਰਕਰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

ਬਾਬਾ ਦੂਲੋ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਵਿਸ਼ਾਲ ਮੁਫ਼ਤ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ

ਸਾਂਝੀ ਖ਼ਬਰ

ਮਾਹਿਰ ਡਾਕਟਰਾਂ ਦੀ ਟੀਮ ਨੇ ਲਗਭਗ 1500 ਮਰੀਜ਼ਾਂ ਦੀ ਕੀਤੀ ਜਾਂਚ, ਮੁਫ਼ਤ ਦਵਾਈਆਂ ਵੀ ਵੰਡੀਆਂ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 13 ਨਵੰਬਰ

ਨਜ਼ਦੀਕੀ ਪਿੰਡ ਠੱਕਰਵਾਲ ਮੌਜੋਮਜ਼ਾਰਾ ਵਿਖੇ ਬਾਬਾ ਦੂਲੋ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਆਰੋਗਿਆ ਆਯੁਰਵੈਦਿਕ ਕਲੀਨਿਕ ਅਤੇ ਸਿਮਰਨ ਆਯੁਰਵੈਦਿਕ ਫਾਰਮੇਸੀ ਵੱਲੋਂ ਵਿਸ਼ਾਲ ਮੁਫ਼ਤ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਲਗਭਗ 1500 ਮਰੀਜ਼ਾਂ ਦੀ ਸਿਹਤ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ। ਵੱਡੀ ਗਿਣਤੀ ਵਿੱਚ ਪਹੁੰਚੇ ਮਰੀਜ਼ਾਂ ਨੇ ਇਸ ਮੁਫ਼ਤ ਸਿਹਤ ਜਾਂਚ ਕੈਂਪ ਦਾ ਲਾਭ ਉਠਾਇਆ।ਕੈਂਪ ਦਾ ਉਦਘਾਟਨ ਆਰੋਗਿਆ ਆਯੁਰਵੈਦਿਕ ਕਲੀਨਿਕ ਦੇ ਮੁੱਖ ਵੈਦ ਡਾ. ਬਲਜਿੰਦਰ ਰਾਮ, ਬਾਬਾ ਗੁਰਦੀਪ ਸਿੰਘ ਸਾਹੋਕੇ, ਡੇਰਾ ਮੁਖੀ ਸੰਤ ਗੁਰਪ੍ਰੀਤ ਸਿੰਘ ਅਤੇ ਸੰਤ ਜਗਦੀਪ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਡਾ. ਬਲਜਿੰਦਰ ਰਾਮ ਨੇ ਕਿਹਾ ਕਿ ਆਯੁਰਵੈਦਿਕ ਅਤੇ ਯੂਨਾਨੀ ਚਿਕਿਤਸਾ ਪ੍ਰਣਾਲੀਆਂ ਭਾਰਤ ਦੀਆਂ ਪ੍ਰਾਚੀਨ ਅਤੇ ਮਹੱਤਵਪੂਰਨ ਇਲਾਜ ਪੱਧਤੀਆਂ ਹਨ। ਇਨ੍ਹਾਂ ਦਾ ਉਦੇਸ਼ ਸਿਰਫ਼ ਬਿਮਾਰੀਆਂ ਦਾ ਇਲਾਜ ਕਰਨਾ ਹੀ ਨਹੀਂ, ਸਗੋਂ ਲੋਕਾਂ ਨੂੰ ਸਰੀਰਕ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਬਿਮਾਰੀਆਂ ਤੋਂ ਬਚਾਅ ਲਈ ਪ੍ਰੇਰਿਤ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਆਪਣੀ ਸਿਹਤ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਦਵਾਈ ਦੀ ਵਰਤੋਂ ਯੋਗ ਡਾਕਟਰ ਦੀ ਸਲਾਹ ਅਨੁਸਾਰ ਹੀ ਕਰਨੀ ਚਾਹੀਦੀ ਹੈ। ਇਸ ਮੌਕੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਸੁਰਿੰਦਰ ਪਾਲ ਕੌਰ ਅਤੇ ਮੈਡਮ ਦਲਜੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਕੈਂਪ ਵਿੱਚ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਮਾਹਿਰ ਡਾਕਟਰਾਂ ਦੀ ਟੀਮ ਭੇਜ ਕੇ ਆਪਣਾ ਅਹਿਮ ਸਹਿਯੋਗ ਦਿੱਤਾ। ਕੈਂਪ ਦੌਰਾਨ ਡਾ. ਰਹੁਨਾ ਸ਼ਰਮਾ, ਸ਼੍ਰੀਮਤੀ ਕਰੁਣਾ ਸ਼ਰਮਾ, ਬਲਦੇਵ ਕ੍ਰਿਸ਼ਨ, ਚੰਦਰ ਮੋਹਣ, ਡਾ. ਭਾਰਦਵਾਜ, ਵੈਦ ਗੁਰਦੀਪ ਕੌਰ, ਵੈਦ ਲੋਕੇਸ਼ ਕੁਮਾਰ, ਵੈਦ ਇੰਦਰਜੀਤ, ਵੈਦ ਸਹਜਪ੍ਰੀਤ, ਵੈਦ ਬਲਜਿੰਦਰ ਰਾਮ ਭਾਰਦਵਾਜ ਅਤੇ ਵੈਦ ਸਿਮਰਨ ਕੌਰ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਡਾਕਟਰਾਂ ਦੀ ਟੀਮ ਨੇ ਮਰੀਜ਼ਾਂ ਦੀ ਜਾਂਚ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸਿਹਤ ਸੰਭਾਲ ਸਬੰਧੀ ਜ਼ਰੂਰੀ ਸਲਾਹ ਵੀ ਦਿੱਤੀ। ਕੈਂਪ ਦੀ ਸਫ਼ਲਤਾ ਲਈ ਅਵਤਾਰ ਸਿੰਘ, ਬਲਜਿੰਦਰ ਸਿੰਘ, ਬਿਕਰਮਜੀਤ ਸਿੰਘ, ਸੁਖਪ੍ਰੀਤ ਸਿੰਘ, ਬਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਮੋਗੇ ਤੋਂ ਪਹੁੰਚੀ ਸੰਗਤ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਅੰਤ ਵਿੱਚ ਪ੍ਰਬੰਧਕਾਂ ਵੱਲੋਂ ਕੈਂਪ ਨੂੰ ਸਫ਼ਲ ਬਣਾਉਣ ਲਈ ਯੋਗਦਾਨ ਪਾਉਣ ਵਾਲੇ ਸਮੂਹ ਡਾਕਟਰਾਂ, ਸੰਤਾਂ-ਮਹਾਂਪੁਰਸ਼ਾਂ, ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਅਜਿਹੇ ਮੁਫ਼ਤ ਮੈਡੀਕਲ ਕੈਂਪ ਲਗਾਉਣ ਦਾ ਮੁੱਖ ਉਦੇਸ਼ ਲੋੜਵੰਦ ਲੋਕਾਂ ਤੱਕ ਸਿਹਤ ਸਹੂਲਤਾਂ ਪਹੁੰਚਾਉਣਾ ਅਤੇ ਸਮਾਜ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।

ਐਨ.ਸੀ.ਸੀ. ਕੈਡਿਟਾਂ ਵੱਲੋਂ ਪ੍ਰਦੂਸ਼ਣ ਕੰਟਰੋਲ ਅਤੇ 'ਪਲਾਸਟਿਕ ਨੂੰ ਕਹੋ ਨਾਂ' ਜਾਗਰੂਕਤਾ ਮੁਹਿੰਮ

ਸਾਂਝੀ ਖ਼ਬਰ



(ਵਰਿੰਦਰ ਸਿੰਘ)
ਸਰਦੂਲਗੜ੍ਹ, 13 ਨਵੰਬਰ

ਡੀ.ਏ.ਵੀ. ਪਬਲਿਕ ਸਕੂਲ ਸਰਦੂਲਗੜ੍ਹ ਦੇ ਨੈਸ਼ਨਲ ਕੈਡਿਟ ਕੋਰ (NCC) ਦੇ ਕੈਡਿਟਾਂ ਵੱਲੋਂ ਅੱਜ ਪ੍ਰਦੂਸ਼ਣ ਕੰਟਰੋਲ ਅਤੇ 'ਪਲਾਸਟਿਕ ਨੂੰ ਕਹੋ ਨਾਂਹ' (Say No to Plastic) ਪਹਿਲਕਦਮੀ 'ਤੇ ਆਧਾਰਿਤ ਇੱਕ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਗਈ। ਕਮਾਂਡਿੰਗ ਅਫਸਰ ਲੈਫਟੀਨੈਂਟ ਕਮਾਂਡਰ ਜਤਿੰਦਰ ਸਿੰਘ ਅਤੇ ਐਸੋਸੀਏਟ ਐਨ.ਸੀ.ਸੀ. ਅਫਸਰ (ANO) ਸੰਦੀਪ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਸਥਾਨਕ ਭਾਈਚਾਰੇ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਸੀ। ਇਸ ਤਹਿਤ ਪ੍ਰੇਰਨਾਦਾਇਕ ਭਾਸ਼ਣ, ਪੋਸਟਰ ਮੇਕਿੰਗ ਮੁਕਾਬਲਾ ਅਤੇ ਇੱਕ ਜੋਸ਼ੀਲੀ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਕੈਂਪਸ ਵਿੱਚ ਇੱਕ ਵਿਸ਼ੇਸ਼ ਸਭਾ ਨਾਲ ਹੋਈ, ਜਿੱਥੇ ਸੀਨੀਅਰ ਐਨ.ਸੀ.ਸੀ. ਕੈਡਿਟਾਂ ਨੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਉਨ੍ਹਾਂ ਨੇ ਸਿੰਗਲ-ਯੂਜ਼ ਪਲਾਸਟਿਕ ਨਾਲ ਹੋਣ ਵਾਲੇ ਗੰਭੀਰ ਵਾਤਾਵਰਣਕ ਨੁਕਸਾਨ, ਵੱਧ ਰਹੇ ਹਵਾ ਅਤੇ ਜ਼ਮੀਨੀ ਪ੍ਰਦੂਸ਼ਣ ਅਤੇ ਰੋਜ਼ਾਨਾ ਜੀਵਨ ਵਿੱਚ ਵਾਤਾਵਰਣ-ਪੱਖੀ ਬਦਲਾਂ ਨੂੰ ਅਪਣਾਉਣ ਦੇ ਵਿਹਾਰਕ ਤਰੀਕਿਆਂ ਬਾਰੇ ਚਾਨਣਾ ਪਾਇਆ। ਭਾਸ਼ਣਾਂ ਤੋਂ ਬਾਅਦ, ਕੈਡਿਟਾਂ ਨੇ ਪੋਸਟਰ ਮੇਕਿੰਗ ਸੈਸ਼ਨ ਦੌਰਾਨ ਆਪਣੀ ਰਚਨਾਤਮਕਤਾ ਅਤੇ ਵਾਤਾਵਰਣ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ। ਰੰਗਾਂ ਅਤੇ ਪ੍ਰਭਾਵਸ਼ਾਲੀ ਨਾਅਰਿਆਂ ਰਾਹੀਂ ਵਿਦਿਆਰਥੀਆਂ ਨੇ ਜੰਗਲੀ ਜੀਵਾਂ ਅਤੇ ਜਲ ਸਰੋਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਪਲਾਸਟਿਕ ਦੇ ਕਚਰੇ ਦੇ ਖ਼ਤਰਿਆਂ ਨੂੰ ਦਰਸਾਇਆ, ਅਤੇ ਨਾਲ ਹੀ ਰੁੱਖ ਲਗਾਉਣ, ਕਚਰੇ ਦੀ ਸਹੀ ਵੰਡ (Waste Segregation) ਅਤੇ ਸਾਫ਼ ਊਰਜਾ ਨੂੰ ਉਤਸ਼ਾਹਿਤ ਕਰਨ ਵਾਲੇ ਸੁਨੇਹੇ ਵੀ ਦਿੱਤੇ। ਸਮਾਗਮ ਦਾ ਮੁੱਖ ਆਕਰਸ਼ਣ ਇੱਕ ਅਨੁਸ਼ਾਸਿਤ ਜਾਗਰੂਕਤਾ ਰੈਲੀ ਰਹੀ, ਜਿਸ ਨੂੰ ਸਕੂਲ ਦੇ ਪ੍ਰਿੰਸੀਪਲ ਅਤੇ ਏ.ਐਨ.ਓ. (ANO) ਸੰਦੀਪ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਕੂਲ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਮਾਰਚ ਕਰਦਿਆਂ ਕੈਡਿਟਾਂ ਨੇ ਆਪਣੇ ਹੱਥਾਂ ਨਾਲ ਬਣਾਏ ਪੋਸਟਰ ਅਤੇ ਬੈਨਰ ਫੜ ਕੇ ਨਾਅਰੇ ਲਗਾਏ, ਅਤੇ ਸਥਾਨਕ ਨਿਵਾਸੀਆਂ ਤੇ ਦੁਕਾਨਦਾਰਾਂ ਨੂੰ ਸਿੰਗਲ-ਯੂਜ਼ ਪਲਾਸਟਿਕ ਦੇ ਲਿਫਾਫਿਆਂ ਦਾ ਬਾਈਕਾਟ ਕਰਨ ਅਤੇ ਆਪਣੇ ਆਲੇ-ਦੁਆਲੇ ਸਾਫ਼-ਸਫ਼ਾਈ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਿੰਸੀਪਲ ਅਤੇ ਏ.ਐਨ.ਓ. ਸੰਦੀਪ ਨੇ ਸਮਾਜ ਸੇਵਾ ਅਤੇ ਵਾਤਾਵਰਣ ਸੰਭਾਲ ਪ੍ਰਤੀ ਕੈਡਿਟਾਂ ਦੇ ਸਮਰਪਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਮਾਂਡਿੰਗ ਅਫਸਰ ਲੈਫਟੀਨੈਂਟ ਕਮਾਂਡਰ ਜਤਿੰਦਰ ਸਿੰਘ ਦੀ ਅਗਵਾਈ ਤੋਂ ਪ੍ਰੇਰਿਤ ਅਜਿਹੀਆਂ ਪਹਿਲਕਦਮੀਆਂ ਐਨ.ਸੀ.ਸੀ. ਦੇ ਆਦਰਸ਼ ਵਾਕ 'ਏਕਤਾ ਅਤੇ ਅਨੁਸ਼ਾਸਨ' ਦੀ ਸੱਚੀ ਭਾਵਨਾ ਨੂੰ ਸਾਕਾਰ ਕਰਦੀਆਂ ਹਨ। ਮੁਹਿੰਮ ਦੀ ਸਮਾਪਤੀ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਅਤੇ ਆਪਣੇ ਘਰਾਂ ਤੇ ਸਕੂਲ ਕੈਂਪਸ ਵਿੱਚੋਂ ਸਿੰਗਲ-ਯੂਜ਼ ਪਲਾਸਟਿਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਸਾਂਝੀ ਸਹੁੰ ਨਾਲ ਹੋਈ।

ਇਲਾਜ ਦੌਰਾਨ ਪੋਸ਼ਣ ਸਹਾਇਤਾ: ਸੈਕਟਰ 19 ਵਿੱਚ ਟੀਬੀ ਦੇ ਮਰੀਜ਼ਾਂ ਨੂੰ ਵੰਡੀਆਂ ਗਈਆਂ ਡਾਈਟ ਕਿੱਟਾਂ

ਸਾਂਝੀ ਖ਼ਬਰ


ਵਿਸ਼ਵਾਸ ਫਾਊਂਡੇਸ਼ਨ ਪ੍ਰਧਾਨ ਮੰਤਰੀ ਦੀ ਟੀਬੀ-ਮੁਕਤ ਭਾਰਤ ਮੁਹਿੰਮ ਤਹਿਤ ਮਹੀਨਾਵਾਰ ਪ੍ਰੋਟੀਨ-ਅਮੀਰ ਖੁਰਾਕ ਪ੍ਰਦਾਨ ਕਰਦੀ ਹੈ



ਪੰਚਕੂਲਾ, 13 ਨਵੰਬਰ, 2026। ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਜੀ ਦੇ ਆਸ਼ੀਰਵਾਦ ਨਾਲ, ਵਿਸ਼ਵਾਸ ਫਾਊਂਡੇਸ਼ਨ, ਪੰਚਕੂਲਾ ਨੇ ਸੈਕਟਰ 19 ਵਿੱਚ ਸ਼ਹਿਰੀ ਡਿਸਪੈਂਸਰੀ ਵਿਖੇ ਲੋੜਵੰਦ ਟੀਬੀ ਮਰੀਜ਼ਾਂ ਨੂੰ ਮੁਫਤ ਪੋਸ਼ਣ ਕਿੱਟਾਂ ਵੰਡੀਆਂ। ਪ੍ਰਧਾਨ ਮੰਤਰੀ ਦੀ ਟੀਬੀ-ਮੁਕਤ ਭਾਰਤ ਮੁਹਿੰਮ ਤਹਿਤ, ਫਾਊਂਡੇਸ਼ਨ ਉਨ੍ਹਾਂ ਮਰੀਜ਼ਾਂ ਨੂੰ ਮਾਸਿਕ ਪ੍ਰੋਟੀਨ-ਅਮੀਰ ਖੁਰਾਕ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੂੰ ਫਾਊਂਡੇਸ਼ਨ ਦੁਆਰਾ ਪੋਸ਼ਣ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਕਿਹਾ ਕਿ ਸੰਸਥਾ 2022 ਤੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਇਹ ਸੇਵਾ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਲਾਜ ਦੌਰਾਨ ਮਰੀਜ਼ਾਂ ਨੂੰ ਪਰਿਵਾਰ ਅਤੇ ਸਮਾਜ ਦੇ ਸਮਰਥਨ ਦੇ ਨਾਲ-ਨਾਲ ਪੌਸ਼ਟਿਕ ਭੋਜਨ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਨੇ ਟੀਬੀ ਦੇ ਮਰੀਜ਼ਾਂ ਨਾਲ ਸਤਿਕਾਰ ਅਤੇ ਸੰਵੇਦਨਸ਼ੀਲਤਾ ਨਾਲ ਪੇਸ਼ ਆਉਣ ਦੀ ਅਪੀਲ ਕੀਤੀ ਤਾਂ ਜੋ ਉਹ ਇਲਾਜ ਦੌਰਾਨ ਇਕੱਲਾਪਣ ਮਹਿਸੂਸ ਨਾ ਕਰਨ। ਇਹ ਸੇਵਾ ਸਟੇਟ ਟੀਬੀ ਅਫ਼ਸਰ ਰਾਜੇਸ਼ ਰਾਜੂ, ਸੀਐਮਓ ਡਾ. ਮੁਕਤਾ ਕੁਮਾਰ ਅਤੇ ਜ਼ਿਲ੍ਹਾ ਟੀਬੀ ਅਫ਼ਸਰ ਡਾ. ਸੰਦੀਪ ਛਾਬੜਾ ਦੀ ਅਗਵਾਈ ਹੇਠ ਪ੍ਰਦਾਨ ਕੀਤੀ ਜਾ ਰਹੀ ਹੈ।

ਫਾਊਂਡੇਸ਼ਨ ਦੇ ਸੰਯੁਕਤ ਸਕੱਤਰ ਰਿਸ਼ੀ ਸਰਲ ਵਿਸ਼ਵਾਸ ਨੇ ਦੱਸਿਆ ਕਿ ਹਰੇਕ ਕਿੱਟ ਵਿੱਚ ਇੱਕ ਕਿਲੋਗ੍ਰਾਮ ਸੋਇਆਬੀਨ ਦੀ ਦਾਲ, ਇੱਕ ਕਿਲੋਗ੍ਰਾਮ ਸੋਇਆ ਆਟਾ, 500 ਗ੍ਰਾਮ ਸੋਇਆਬੀਨ ਦੇ ਛੋਲੇ, 500 ਗ੍ਰਾਮ ਭੁੰਨੇ ਹੋਏ ਛੋਲੇ, 500 ਗ੍ਰਾਮ ਗੁੜ ਅਤੇ ਪ੍ਰੋਟੀਨ ਪਾਊਡਰ ਦਾ ਇੱਕ ਡੱਬਾ ਸ਼ਾਮਲ ਹੈ। ਮਰੀਜ਼ਾਂ ਨੂੰ ਆਪਣੀਆਂ ਦਵਾਈਆਂ ਨਿਯਮਿਤ ਤੌਰ 'ਤੇ ਲੈਣ ਅਤੇ ਆਪਣਾ ਇਲਾਜ ਪੂਰਾ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਮਾਨਸਿਕ ਆਰਾਮ ਲਈ, ਉਨ੍ਹਾਂ ਨੂੰ



ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿੰਘ
ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੰਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ

ਅੰਮ੍ਰਿਤ ਪਵਾਰ
62804 94562



ਸੁਜਾਨਪੁਰ ਟੂਰਿਸਟ ਕਲਚਰ ਹੱਬ ਬਣੂੰ ਸਵਰਨ ਸਲਾਰੀਆ

ਸਵਰਨ ਸਲਾਰੀਆ ਜ਼ਿਲਾ ਪਠਾਨਕੋਟ ਦੀ ਸਰਬ ਪੱਖੀ ਹਸਤੀ ਹੈ ਜਿਹਨਾਂ ਦੀ ਸਮਾਜ ਸੇਵਾ ਦੇ ਵਾਰੇ ਵਾਰੇ ਸੁਜਾਨਪੁਰ ਇਲਾਕਾ ਜਾਂਦਾ ਹੈ।ਆਮ ਆਦਮੀ ਪਾਰਟੀ ਪੰਜਾਬ ਨੇ ਨਵੀਆਂ ਵਿਧਾਨ ਸਭਾ ਚੋਣਾਂ ਲਈ ਹਲਕਾ ਸੁਜਾਨਪੁਰ ਤੋਂ ਓਹਨਾਂ ਨੂੰ ਉਮੀਦਵਾਰ ਬਣਾ ਦਿੱਤਾ ਹੈ।ਸਵਰਨ ਸਲਾਰੀਆ ਜਿੱਥੇ ਰਾਜਪੂਤ ਕਲਿਆਣ ਬੋਰਡ ਦੇ ਚੇਅਰਮੈਨ ਬਣ ਬਹੁਤ ਕੰਮ ਕਰਵਾ ਚੁੱਕੇ ਨੇ ਓਥੇ ਉਹ ਪੰਜਾਬੀ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਯਤਨ ਵੀ ਕਰਦੇ ਹਨ।ਸਵਰਨ ਸਲਾਰੀਆ ਦੇ ਆਫਿਸਰ ਆਨ ਸਪੈਸ਼ਲ ਡਿਊਟੀ ਜਤਿੰਦਰ ਸ਼ਰਮਾ ਨੇ ਕਿਹਾ ਕਿ ਡਾਕਟਰ ਸਵਰਨ ਸਲਾਰੀਆ ਜਿੱਤਣ ਬਾਅਦ ਸੁਜਾਨਪੁਰ ਇਲਾਕਾ ਨੂੰ ਪੰਜਾਬ ਦੇ ਅਹਿਮ ਟੂਰਿਸਟ ਹੱਬ ਵਜੋਂ ਵਿਕਸਤ ਕਰਨ ਦੇ ਇਲਾਵਾ ਇਲਾਕੇ ਦੇ ਕਲਾਕਾਰਾਂ , ਸੰਗੀਤ ਤੇ ਗਾਇਕੀ ਨੂੰ ਉਤਸ਼ਾਹ ਦੇਣ ਲਈ ਇੱਥੇ ਵੱਡੇ ਕਲਚਰ ਈਵੈਂਟ ਕਰਵਾਉਣਗੇ ਤੇ ਚਾਹੁੰਦੇ ਨੇ ਕਿ ਖੂਬਸੂਰਤ ਲੋਕੇਸ਼ਨ ਸੁਜਾਨਪੁਰ ਵਿੱਚ ਬਾਲੀਵੁੱਡ ਤੇ ਪਾਲੀਵੁੱਡ ਫ਼ਿਲਮਾਂ ਦੀ ਸ਼ੂਟਿੰਗ ਹੋਏ।ਸਵਰਨ ਸਲਾਰੀਆ ਇੱਕ ਹੀ ਮੰਤਵ ਸਭ ਨੂੰ ਸਹੂਲਤ, ਖੂਬਸੂਰਤ ਸੁਜਾਨਪੁਰ ਇਲਾਕਾ ਤੇ ਇਲਾਕਾ ਓਹਨਾਂ ਨਾਲ।_ਅੰਮ੍ਰਿਤ ਪਵਾਰ।



ਜੀਟੀਸੀ ਚੈਨਲ ਨਾਲ ਬ੍ਰਿਕਸ ਭਾਰਤ ਦੀ ਨੁਮਾਇੰਦਗੀ ਰਬਿੰਦਰ ਨਰਾਇਣ

ਰਬਿੰਦਰ ਨਰਾਇਣ ਨੇ ਭਾਰਤੀ ਟੀਵੀ ਚੈਨਲਾਂ ਦੇ ਇਤਿਹਾਸ ਚ ਪੰਜਾਬੀ ਟੀਵੀ ਚੈਨਲਾਂ ਨੂੰ ਵਿਸ਼ਵ ਪੱਧਰ ਦੇ ਹਾਇਟੈਕ ਚੈਨਲ ਬਣਾਉਣ ਲਈ ਅਹਿਮ ਯੋਗਦਾਨ ਦਿੱਤਾ ਹੈ।ਭਾਰਤ ਵੱਲੋਂ ਓਹਨਾਂ ਕੁੱਝ ਮਹੀਨੇ ਪਹਿਲਾਂ ਬ੍ਰਿਕਸ ਸੰਮੇਲਨ ਚ ਹਿੱਸਾ ਲਿਆ ਸੀ। ਯਾਦਾਂ ਦੀ ਫੁਲਕਾਰੀ ਤਹਿਤ ਓਹਨਾਂ ਦੇ ਵਿਚਾਰ ਸਾਂਝੇ ਹਨ ਕਿ ਮੇਰੇ ਲਈ, ਇਹ ਸਿਰਫ਼ ਇੱਕ ਡੈਲੀਗੇਟ ਬੈਜ ਤੋਂ ਕਿਤੇ ਵੱਧ ਹੈ। ਇਹ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਭਾਰਤੀ ਉੱਦਮ, ਮੀਡੀਆ ਅਤੇ ਵਿਚਾਰਾਂ ਨੂੰ ਹੁਣ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਥਾਂ ਮਿਲ ਰਹੀ ਹੈ। ਜੀਟੀਸੀ ਨੈੱਟਵਰਕ ਦੀ ਨੁਮਾਇੰਦਗੀ ਕਰਦੇ ਹੋਏ,ਭਾਰਤ ਦੀ ਨੁਮਾਇੰਦਗੀ ਕਰਦੇ ਹੋਏ ਬਹੁਤ ਫ਼ਖ਼ਰ ਮਹਿਸੂਸ ਹੋਇਆ।_ਅੰਮ੍ਰਿਤ ਪਵਾਰ।



ਬੌਬੀ ਬਾਜਵਾ ਕਰਨਗੇ ਵੀਡੀਓ ਗਾਇਕ ਨੇ _ਪੂਰਨ ਜੋਗਰ

ਪੱਪੂ ਜੋਗਰ ਦਾ ਨਾਮ ਯਾਦ ਹੈ ਨਾ ਤੇ ਇਹ ਗੁਰਦਾਸਪੁਰ ਦੇ ਸੁਰੀਲੇ ਗਾਇਕ ਦੀਆਂ ਪ੍ਰਾਪਤੀਆਂ ਬਹੁਤ ਹਨ।ਅਲਬਰਟਾ ਰਹਿ ਕਿ ਓਹ ਪੰਜਾਬੀ ਸੰਗੀਤ ਦੇ ਮੁਕਾਬਲੇ ਕਰਵਾਉਂਦੇ ਨੇ ਕਨੇਡਾ ਵਾਸੀ ਬਣ ਚੁੱਕੇ ਪੱਪੂ ਜੋਗਰ ਹੁਣ ਪੂਰਨ ਜੋਗਰ ਦੇ ਨਾਮ ਨਾਲ ਗਾਇਕ ਬਣ ਸਰਗਰਮ ਹਨ।ਇੰਡੀਆ ਚ ਪੂਰਨ ਆਪਣਾ ਨਵਾਂ ਟਰੈਕ ਕਰ ਰਹੇ ਨੇ ਜਿਸਦੇ ਪੂਰੇ ਵੇਰਵੇ ਜਲਦੀ ਨਸ਼ਰ ਹੋਣਗੇ। ਹਾਂ ਇਹ ਗੱਲ ਪੱਕੀ ਹੈ ਕਿ ਪੂਰਨ ਜੋਗਰ ਦੇ ਨਵੇਂ ਗਾਣੇ ਦਾ ਵੀਡੀਓ ਵੀ ਡੀ ਸਟਾਰ ਨਿਰਦੇਸ਼ਕ ਬੌਬੀ ਬਾਜਵਾ ਕਰ ਰਹੇ ਹਨ। ਇਸ ਚ ਸੁੰਦਰਤਾ ਦੀ ਦੇਵੀ ਮਸੂਮ ਚਿਹਰਾ ਏਕਤਾ ਵਰਮਾ ਹੋਏਗੀ।ਪੂਰਨ ਜੋਗਰ ਨੂੰ ਇਸ ਨਵੇਂ ਗੀਤ ਲਈ ਸ਼ੁੱਭ ਕਾਮਨਾਵਾਂ।_ਅੰਮ੍ਰਿਤ ਪਵਾਰ।



ਸੀਮਾ ਸ਼ਰਮਾ ਪਿਆਰੀ ਤੇ ਟੈਲੇਂਟਡ ਹੀਰੋਇਨ ਅਮਰੀਕ ਰੰਧਾਵਾ

ਅਮਰੀਕ ਰੰਧਾਵਾ ਸਟਾਰ ਕਮੇਡੀਅਨ ਹੈ ਪਰ ਕਲਾਕਾਰ ਓਹ ਹਰੇਕ ਰੰਗ ਦਾ ਹੈ।ਓਸਨੇ ਨਾਇਕ ਬਣ ਵੀ ਫ਼ਿਲਮਾਂ ਕੀਤੀਆਂ ਨੇ ਤੇ ਟੀਵੀ ਖਾਸ ਕਰ ਦੂਰਦਰਸ਼ਨ ਜਲੰਧਰ ਨੇ ਓਸ ਨੂੰ ਵੱਖਰੀ ਬਿਹਾਰੀ ਭਈਏ ਦੇ ਰੂਪ ਵਿੱਚ ਵਿਕਸਤ ਕੀਤਾ।ਅੱਜ ਤੋ ਕੁੱਝ ਸਾਲ ਪਹਿਲੇ ਓਸ ਨੇ ਅੰਮ੍ਰਿਤਸਰ ਦੀ ਮਲਿਕਾ ਐਕਟ੍ਰਸ ਸੀਮਾ ਸ਼ਰਮਾ ਨਾਲ ਫ਼ਿਲਮਾਂ ਕੀਤੀਆਂ ਸਨ ਤੇ ਸੀਮਾ ਸ਼ਰਮਾ ਹੀਰੋਇਨ ਬਣ ਆਈ ਸੀ।ਅਮਰੀਕ ਰੰਧਾਵਾ ਨੇ ਇੱਕ ਸਟੇਜ ਸ਼ੋ ਤੇ ਫੁਰਸਤ ਦੇ ਪਲਾਂ ਵਿੱਚ ਸਾਨੂੰ ਦੱਸਿਆ ਕਿ ਜਿਹੜੀ ਤਸਵੀਰ ਤੁਸੀਂ ਓਸ ਦਿਨ ਸੀਮਾ ਸ਼ਰਮਾ ਨਾਲ ਮੇਰੀ ਦਿਖਾ ਰਹੇ ਸੀ ਓਹ "ਲੇਡੀ ਡਕੈਤ" ਫਿਲਮ ਦੇ ਸੈੱਟ ਦੀ ਸੀ ਤੇ ਇਸ ਹਿੰਦੀ ਫ਼ਿਲਮ ਦੀ ਓਹ ਨਾਇਕਾ ਸੀ ।ਐਨਰਜੀ ਸੀਮਾ ਸ਼ਰਮਾ ਚ ਅੱਜ ਵੀ ਬਰਕਰਾਰ ਹੈ। ਅਮਰੀਕ ਰੰਧਾਵਾ ਅਨੁਸਾਰ ਸੀਮਾ ਸ਼ਰਮਾ ਬਹੁਤ ਪ੍ਰਤਿਭਾ ਵਾਲੀ ਐਕਟ੍ਰੈਸ ਹੈ ਤੇ ਸਭ ਤੋਂ ਵੱਧ ਇਹ ਕਿ ਓਹ ਇੱਕ ਪਿਆਰੀ ਕੁੜੀ ਬਣ ਫਿਲਮ ਇੰਡਸਟਰੀ ਵਿੱਚ ਵਿਚਰਦੀ ਰਹੀ ਹੈ।ਅਮਰੀਕ ਰੰਧਾਵਾ ਅੱਜ ਕਲ ਸ਼ੋਰਟ ਫ਼ਿਲਮਾਂ ਕਰ ਰਹੇ ਨੇ ਤੇ ਦੇਵੀ ਸ਼ਰਮਾ ਨਾਲ "ਕਾਲ ਕੋਠੜੀ," ਓਸ ਦੀ ਤਾਜ਼ਾ ਫ਼ਿਲਮ ਹੈ।_ਅੰਮ੍ਰਿਤ ਪਵਾਰ।



ਇੰਦਰਜੀਤ ਕੁਮਾਰ ਨੇ ਸਾਂਝੀ ਕੀਤੀ ਯਾਦ ਵਿਗਿਆਪਨ_ਕਮਿੰਸ ਇੰਜਣ

"ਕਮਿੰਸ ਇੰਜਣ" ਇੱਕ ਹਾਲੀਵੁੱਡ ਵਿਗਿਆਪਨ (ਕਮਰਸ਼ੀਅਲ) ਦੇ ਸੈੱਟ ਦੀਆਂ ਯਾਦਾਂ ਹਾਲੀਵੁੱਡ ਐਕਟਰ ਇੰਦਰਜੀਤ ਕੁਮਾਰ ਨੇ ਤਾਜ਼ਾ ਕਰਦੇ ਕਿਹਾ ਕਿ ਕੈਮਰੇ ਦੇ ਪਿੱਛੇ ਇੱਕ ਹੋਰ ਰੋਮਾਂਚਕ ਅਨੁਭਵ, ਜਿੱਥੇ ਇੱਕ ਪ੍ਰੋਫੈਸ਼ਨਲ ਪ੍ਰੋਡਕਸ਼ਨ ਸੈੱਟ 'ਤੇ ਯਾਦਗਾਰੀ ਪਲ ਸਿਰਜੇ ਜਾ ਰਹੇ ਸਨ । ਹਰ ਪ੍ਰੋਜੈਕਟ ਨਵੇਂ ਮੌਕੇ, ਵਧੀਆ ਟੀਮ ਵਰਕ ਅਤੇ ਯਾਦ ਰੱਖਣ ਯੋਗ ਅਨੁਭਵ ਲੈ ਕੇ ਆਉਂਦਾ ਹੈ। ਓਹਨਾਂ ਕਿਹਾ ਕਿ
ਫਿਲਮ ਅਤੇ ਕਮਰਸ਼ੀਅਲ ਪ੍ਰੋਡਕਸ਼ਨ ਦੀ ਦੁਨੀਆ ਵਿੱਚ ਇਸ ਸਫ਼ਰ ਦਾ ਹਿੱਸਾ ਬਣਨ ਲਈ ਓਹ ਸ਼ੁਕਰਗੁਜ਼ਾਰ ਰਹੇ।
"ਕੁੰਮਿੰਸ ਇੰਜਣ " ਦਾ ਵਿਗਿਆਪਨ ਸ਼ੂਟ, ਪਰਦੇ ਦੇ ਪਿੱਛੇ ਕਮਰਸ਼ੀਅਲ ਪ੍ਰੋਡਕਸ਼ਨ, ਫਿਲਮ ਪ੍ਰੋਡਕਸ਼ਨ, ਐਕਟਿੰਗ ਕਰੀਅਰ ਤੇ ਪ੍ਰੋਫੈਸ਼ਨਲ ਪ੍ਰੋਡਕਸ਼ਨ, ਟੈਲੀਵਿਜ਼ਨ ਵਿਗਿਆਪਨ, ਐਡਵਰਟਾਈਜ਼ਿੰਗ ਸ਼ੂਟ, ਪ੍ਰੋਡਕਸ਼ਨ ਸੈੱਟ, ਫਿਲਮ ਅਤੇ ਵਿਗਿਆਪਨ ਦਾ ਕੰਮ ਇਹ ਸਭ ਕੁੱਝ ਇਸ ਵਿਗਿਆਪਨ ਨੇ ਯਾਦ ਕਰਵਾਇਆ।ਇੰਦਰਜੀਤ ਕੁਮਾਰ ਸਟੰਟ ਕਰਵਾਉਂਦੇ ਐਕਟਰ ਬਣ ਹੁਣ ਤੱਕ ਤਿੰਨ ਸੌ ਤੋਂ ਵੱਧ ਫ਼ਿਲਮਾਂ ਹਾਲੀਵੁੱਡ ਦੀਆਂ ਕਰ ਚੁੱਕੇ ਨੇ ਵਿਗਿਆਪਨ ਅਲੱਗ ਹਨ।_ਅੰਮ੍ਰਿਤ ਪਵਾਰ।



ਬੌਬੀ ਬਾਜਵਾ ਕਰਨਗੇ ਵੀਡੀਓ ਗਾਇਕ ਨੇ ਪੂਰਨ ਜੋਗਰ



ਪੱਪੂ ਜੋਗਰ ਦਾ ਨਾਮ ਯਾਦ ਹੈ ਨਾ ਤੇ ਇਹ ਗੁਰਦਾਸਪੁਰ ਦੇ ਸੁਰੀਲੇ ਗਾਇਕ ਦੀਆਂ ਪ੍ਰਾਪਤੀਆਂ ਬਹੁਤ ਹਨ।ਅਲਬਰਟਾ ਰਹਿ ਕਿ ਓਹ ਪੰਜਾਬੀ ਸੰਗੀਤ ਦੇ ਮੁਕਾਬਲੇ ਕਰਵਾਉਂਦੇ ਨੇ ਕਨੇਡਾ ਵਾਸੀ ਬਣ ਚੁੱਕੇ ਪੱਪੂ ਜੋਗਰ ਹੁਣ ਪੂਰਨ ਜੋਗਰ ਦੇ ਨਾਮ ਨਾਲ ਗਾਇਕ ਬਣ ਸਰਗਰਮ ਹਨ।ਇੰਡੀਆ ਚ ਪੂਰਨ ਆਪਣਾ ਨਵਾਂ ਟਰੈਕ ਕਰ ਰਹੇ ਨੇ ਜਿਸਦੇ ਪੂਰੇ ਵੇਰਵੇ ਜਲਦੀ ਨਸ਼ਰ ਹੋਣਗੇ। ਹਾਂ ਇਹ ਗੱਲ ਪੱਕੀ ਹੈ ਕਿ ਪੂਰਨ ਜੋਗਰ ਦੇ ਨਵੇਂ ਗਾਣੇ ਦਾ ਵੀਡੀਓ ਵੀ ਡੀ ਸਟਾਰ ਨਿਰਦੇਸ਼ਕ ਬੌਬੀ ਬਾਜਵਾ ਕਰ ਰਹੇ ਹਨ। ਇਸ ਚ ਸੁੰਦਰਤਾ ਦੀ ਦੇਵੀ ਮਸੂਮ ਚਿਹਰਾ ਏਕਤਾ ਵਰਮਾ ਹੋਏਗੀ।ਪੂਰਨ ਜੋਗਰ ਨੂੰ ਇਸ ਨਵੇਂ ਗੀਤ ਲਈ ਸ਼ੁੱਭ ਕਾਮਨਾਵਾਂ।_ਅੰਮ੍ਰਿਤ ਪਵਾਰ।

ਗੀਤਕਾਰਾਂ ਨੂੰ ਮਿਲ ਸਕੂਨ ਆਉਂਦਾ ਸੇਵਾ ਸਿੰਘ ਨੌਰਥ

ਸੇਵਾ ਸਿੰਘ ਨੌਰਥ ਇਨਸਾਨ ਈਮਾਨ ਵਾਲਾ, ਸੇਵਾ ਸਿੰਘ ਨੌਰਥ ਇੱਕ ਦਮ ਸਪੱਸ਼ਟ ਇਨਸਾਨ ਤੇ ਗੀਤਕਾਰੀ ਸੇਵਾ ਸਿੰਘ ਨੌਰਥ ਦੀ ਬੇਹਤਰੀਨ।ਨੌਰਥ ਸਾਬ ਸੰਗੀਤ ਖਿੱਤੇ ਦੇ ਹਰ ਸਕਸ਼ ਨੂੰ ਮਿਲ ਖੁਸ਼ ਹੁੰਦੇ ਨੇ ਤੇ ਤੇ ਇਹ ਨੌਰਥ ਸਾਬ ਜਦ ਪੰਜਾਬੀ ਭਵਨ ਗੀਤਕਾਰ ਕਰਨੈਲ ਸਿਵੀਆ ਨੂੰ ਮਿਲੇ ਤਾਂ ਅਪਣਤ ਦਾ ਮੌਸਮ ਆਇਆ।ਸੇਵਾ ਸਿੰਘ ਨੌਰਥ ਬੋਲੇ ਗੀਤਕਾਰਾਂ ਨਾਲ ਭਾਈਚਾਰਾ ਹੈ ਕਿਉਂ ਕਿ ਓਹ ਵੀ ਗੀਤਕਾਰ ਨੇ ਤੇ ਜਦ ਕਰਨੈਲ ਸਿਵੀਆ ਜਿਹੇ ਚੋਟੀ ਦੇ ਗੀਤ ਲੇਖਕ ਤੇ ਵਧੀਆ ਮਿੱਤਰ ਮਿਲ ਜਾਣ ਤੇ ਅਲੌਕਿਕ ਨਜ਼ਾਰਾ ਮਹਿਸੂਸ ਹੁੰਦਾ ਹੈ।ਉਧਰ ਉੱਪਲਾਂ ਵਾਲੇ ਸਿਵੀਏ ਨੇ ਕਿਹਾ ਕਿ ਲਲਤੋਂ ਵਾਲੇ ਨੌਰਥ ਸਾਬ ਕਯਾ ਬਾਤ ਹੈ ਮਿਲ ਕਿ ਚਾਅ ਮਲਾਰ ਪਿਆਰੇ ਲੱਗਦੇ ਨੇ ਯੁੱਗ ਯੁੱਗ ਜੀਓਣ ਸੇਵਾ ਸਿੰਘ ਨੌਰਥ।_ਅੰਮ੍ਰਿਤ ਪਵਾਰ ।




ਪ੍ਰੀਤ ਗਰੇਵਾਲ ਦੀ ਹਰਬੀਰ ਢੀਂਡਸਾ ਨਿਰਦੇਸ਼ਤ _ਪੈਸਾ ਵੱਡਾ ਜਾਂ ਰਿਸ਼ਤੇ



ਨਿਰਮਾਤਾ ਪ੍ਰੀਤ ਗਰੇਵਾਲ ਕਨੇਡਾ ਨੇ ਆਪਣੀ ਸ਼ੋਰਟ ਫ਼ਿਲਮ ਪ੍ਰੋਡਕਸ਼ਨ ਪੈਰੀ ਫ਼ਿਲਮਜ਼ ਪ੍ਰੋਡਕਸ਼ਨ ਹੇਠ ਅੱਜ ਦੇ ਹਾਲਾਤ ਤੇ ਅੱਤੀ ਉੱਤਮ ਫਿਲਮ "ਪੈਸਾ ਵੱਡਾ ਜਾਂ ਰਿਸ਼ਤੇ" ਬਣਾਈ ਹੈ।ਲਿਖ ਕਿ ਨਿਰਦੇਸ਼ਤ ਹਰਬੀਰ ਸਿੰਘ ਢੀਂਡਸਾ ਨੇ ਕੀਤੀ ਹੈ ਤੇ ਇਸ ਚ ਸੀਮਾ ਸ਼ਰਮਾ ਦੀ ਐਕਟਿੰਗ ਤੇ ਮਸੂਮ ਚਿਹਰਾ ਪ੍ਰਭਾਵਿਤ ਕਰਦਾ ਹੈ ਜਦ ਕਿ ਸੁਮਨ ਬਾਠ ਬੇਹਤਰੀਨ ਰਹੀ ਹੈ।ਰਵਿੰਦਰ ਪਿੰਕੀ ਜਚਦੀ ਹੈ ਤੇ ਜਗਨਾਰ ਦੇ ਨਾਲ ਮਨਜੀਤ ਜੱਸਲ ਦਾ ਕੰਮ ਵੀ ਅੱਛਾ ਹੈ।ਸੰਦੀਪ ਵਰਮਾ ਇਸ ਫਿਲਮ ਦੇ ਸੰਪਾਦਕ ਨੇ ਤੇ ਡੀ ਓ ਪੀ ਮਨਜੀਤ ਜੱਸਲ ਹਨ। ਇੱਕ ਵਾਰ ਫਿਰ ਹਰਬੀਰ ਸਿੰਘ ਢੀਂਡਸਾ ਇੱਕ ਨਾਯਾਬ ਤੋਹਫਾ "ਪੈਸਾ ਵੱਡਾ ਜਾਂ ਰਿਸ਼ਤੇ" ਸ਼ੋਰਟ ਫ਼ਿਲਮ ਨਾਲ ਦੇ ਗਏ ਹਨ।_ਅੰਮ੍ਰਿਤ ਪਵਾਰ।

ਡਿਗਰੀ ਨਿਸ਼ਾਵਰ ਨੂੰ ਖੁਸ਼ ਗਾਇਕ_ਰਮੇਸ਼ ਨੂਸੀਵਾਲ



ਰਮੇਸ਼ ਨੂਸੀਵਾਲ ਇਮਾਨਦਾਰ ਤੇ ਨੇਕ ਕਲਾਕਾਰ ਹਨ, ਜਿੰਨੀ ਮਿਹਨਤ ਓਹਨਾਂ ਕੀਤੀ ਓਸ ਦਾ ਫਲ ਮਿਲਿਆ ਤੇ ਜਿਆਦਾ ਫਲ ਓਹ ਜਦ ਤੁਹਾਡੀ ਔਲਾਦ ਸੈੱਟ ਹੋਏ।ਰਮੇਸ਼ ਦੇ ਪਿਆਰੇ ਪੁੱਤਰ ਨਿਸ਼ਾਵਰ ਸਿੰਘ ਨੇ ਰਮੇਸ਼ ਦੀ ਗਾਇਕੀ ਨੂੰ ਆਪਣਾ ਉਤਸ਼ਾਹ ਦਿੱਤਾ ਤੇ ਵਲੈਤ ਜਾ ਕਿ ਉੱਚ ਸਿੱਖਿਆ ਹਾਸਿਲ ਕੀਤੀ।ਬੀਤੇ ਦਿਨੀਂ ਨਿਸ਼ਾਵਰ ਨੂੰ ਡਿਗਰੀ ਯੂ ਕੇ ਤੋਂ ਮਿਲੀ ਤਾਂ ਰਮੇਸ਼ ਨੂਸੀਵਾਲ ਦੀ ਖੁਸ਼ੀ ਦਾ ਟਿਕਾਣਾ ਨਹੀਂ ਸੀ।ਰਮੇਸ਼ ਨੇ ਕਿਹਾ ਕਿ ਹੁਣ ਮੈ ਹੋਰ ਉਤਸ਼ਾਹ ਨਾਲ ਗਾਇਕੀ ਵਿੱਚ ਵਿਚਰਦਾ ਬਹੁਤ ਕੁੱਝ ਕਰਾਂਗਾ ਕਿਉਂ ਕਿ ਵਿਦੇਸ਼ ਤੇ ਯੂ ਕੇ ਚ ਨਿਸ਼ਾਵਰ ਨੇ ਡਿਗਰੀ ਪ੍ਰਾਪਤ ਕੀਤੀ ਹੈ।ਰਮੇਸ਼ ਡੀ ਡੀ ਪੰਜਾਬੀ ਲਈ ਮੌਕਿਆਂ ਤੇ ਖਾਸ ਪ੍ਰੋਗਰਾਮਾਂ ਦਾ ਨਿਰਮਾਣ ਵੀ ਕਰਦੇ ਨੇ ਤੇ ਪਾਰਾ ਜਸਵੰਤ ਨਾਲ ਓਹਨਾਂ ਦਾ ਗੀਤ "ਮੈਂ ਪੰਜਾਬ ਬੋਲਦਾ ਹਾਂ" ਮਾਨਸਾ ਧਰਨੇ ਵਿੱਚ ਵੀ ਖ਼ੂਬ ਚਰਚਿਤ ਰਿਹਾ।_ਅੰਮ੍ਰਿਤ ਪਵਾਰ।